੧ੳ ਵਾਹਿਗੁਰੂ ਜੀ ਕੀ ਫ਼ਤਹਿ ॥

# ਸ੍ਰੀ ਅਨੰਦਪੁਰ ਸਾਹਿਬ

ਤੇ

# ਵੈਸਾਖੀ

ਸ੍ਰੀ ਅਨੰਦਪੁਰ ਸਾਹਿਬ ਦੀ ਸਿਰਜਨਾ : **ਪ੍ਰੋਫੈਸਰ ਜੋਗਿੰਦਰ ਸਿੰਘ**

ਵੈਸਾਖੀ ਦਾ ਦਿਨ : **ਪ੍ਰਿੰਸੀਪਲ ਸਤਿਬੀਰ ਸਿੰਘ**

ਗੁਰੂ ਗੋਬਿੰਦ ਸਿੰਘ ਜੀ ਦਾ ਚਿੱਟਾ ਬਾਜ਼ : **ਡਾਕਟਰ ਤਾਰਨ ਸਿੰਘ**

ਪ੍ਰਕਾਸ਼ਕ :

**ਸੁੰਦਰ ਪ੍ਰਿੰਟਰਜ਼**

ਪਹਾੜ ਗੰਜ ਨਵੀਂ ਦਿੱਲੀ

**ਵੈਸਾਖੀ** 1983

Digitized by Panjab Digital Library | www.panjabdigilib.org

**ਸਰਦਾਰ ਮਹਿੰਦਰ ਸਿੰਘ ਜੀ**
ਚੇਅਰਮੈਨ ਐਂਡ ਮੈਨੇਜ਼ਿੰਗ ਡਾਇਰੈਕਟਰ
ਪੰਜਾਬ ਐਂਡ ਸਿੰਧ ਬੈਂਕ
ਵਲੋਂ



ਵੈਸਾਖੀ ਦੇ ਪੁਰਬ ਸਮੇਂ
ਆਲ ਇੰਡੀਆ ਰੇਡੀਓ ਤੋਂ
ਪ੍ਰਸਾਰਿਤ ਕੀਤਾ ਗਿਆ ।

# ਵੈਸਾਖੀ-ਸੰਦੇਸ਼

'ਵੈਸਾਖੀ' ਇਕ ਐਸਾ ਤਿਉਹਾਰ ਹੈ, ਜਿਸ ਨਾਲ ਪੰਜਾਬ ਦੀ ਖੁਸ਼ੀ ਤੇ ਖੁਸ਼ਹਾਲੀ ਵੀ ਜੁੜੀ ਹੋਈ ਹੈ ਤੇ ਖਾਲਸੇ ਦਾ ਜਨਮ ਦਿਵਸ ਵੀ ਜੁੜਿਆ ਹੋਇਆ ਹੈ । ਵੈਸਾਖੀ ਦੇ ਮੇਲੇ ਤਾਂ ਸਾਰੇ ਹਿੰਦੁਸਤਾਨ ਵਿਚ ਲਗਦੇ ਹਨ, ਲੋਕੀਂ ਭੰਗੜੇ ਪਾ ਕੇ ਆਪਣੀ ਮਾਨਸਿਕ ਖੁਸ਼ੀ ਦਾ ਪ੍ਰਗਟਾਵਾ ਵੀ ਕਰਦੇ ਹਨ, ਪਰ 'ਖਾਲਸਾ ਪੰਥ' ਵੈਸਾਖੀ ਦਾ ਗੁਰਪੁਰਬ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉਤੇ ਮਨਾਉਂਦਾ ਹੈ ।

ਅਜ ਤੋਂ 284 ਸਾਲ ਪਹਿਲਾਂ 1699 ਈ: ਦੀ ਵੈਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 80,000 ਸਿੱਖ ਸੰਗਤਾਂ ਦੇ ਸਨਮੁੱਖ ਸ੍ਰੀ ਸਾਹਿਬ ਕਢ ਕੇ ਪੰਜ ਸਿੱਖਾਂ ਦੇ ਸਿਰ ਮੰਗੇ ਸਨ ਤੇ ਵਾਰੀ ਵਾਰੀ ਪੰਜਾਂ ਨੇ ਹੀ ਆਪਣਾ ਤਨ, ਮਨ ਤੇ ਧਨ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪ ਕੇ 'ਪਿਆਰੇ' ਹੋਣ ਦਾ ਮਾਣ ਪ੍ਰਾਪਤ ਕੀਤਾ ਸੀ । ਪੰਜਾਂ ਨੂੰ ਅੰਮ੍ਰਿਤ ਛਕਾ ਕੇ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਹਨਾਂ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪ੍ਰਾਪਤ ਕੀਤਾ । ਇਸ ਤਰ੍ਹਾਂ ਅੰਮ੍ਰਿਤ ਛਕਾ ਕੇ, ਆਪਣੇ ਪਿਆਰੇ ਸਿੱਖਾਂ ਨੂੰ ਖਾਲਸਾ ਸਜਾ ਕੇ, ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਿਆਰੀ ਕੌਮ ਦੀ ਸਿਰਜਨਾ ਕੀਤੀ, ਉਥੇ ਉਹਨਾਂ ਨੇ ਅਮੀਰ-ਗਰੀਬ, ਜਾਤਿ-ਪਾਤਿ, ਕੁਲ-ਕ੍ਰਿਤ ਤੇ ਵਰਨ-ਭੇਦ ਦੇ ਸਭ ਵਿਤਕਰੇ ਮਿਟਾ ਕੇ, ਮਾਨਸ ਜ਼ਾਤਿ ਨੂੰ ਇਕ ਕਰ ਦਿੱਤਾ, ਤਾਂਕਿ ਏਕਤਾ ਵਿਚੋਂ ਪ੍ਰਚੰਡ ਹੋਣ ਵਾਲੀ 'ਸ਼ਕਤੀ' ਦੇਸ਼ ਅਤੇ ਕੌਮ ਦੀ ਸੁਤੰਤਰ ਹਸਤੀ ਨੂੰ ਨਿਰੰਤਰ ਸੁਰਖਿਅੱਤ ਤੇ ਸਥਿਰ ਰਖ ਸਕੇ ।

ਐਸੇ ਸ਼ੁਭ ਦਿਹਾੜੇ ਉਤੇ ਮੈਂ **ਪੰਜਾਬ ਐਂਡ ਸਿੰਧ ਬੈਂਕ** ਵਲੋਂ ਸਾਰੇ ਭਾਰਤ-ਵਾਸੀਆਂ ਨੂੰ ਹਾਰਦਿਕ ਵਧਾਈ ਭੇਟ ਕਰਦਾ ਹਾਂ ।

Digitized by Panjab Digital Library | www.panjabdigilib.org

# ਪ੍ਰਤੱਗਿਆ ਦਾ ਦਿਵਸ



ਪੰਥ ਦੇ ਨਿਸ਼ਕਾਮ ਸੇਵਕ **ਸਰਦਾਰ ਜਸਵੰਤ ਸਿੰਘ ਜੀ ਕੋਛੜ** 'ਸਾਬਕਾ ਪ੍ਰਧਾਨ' ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੇ ਡਾਇਰੈਕਟਰ' ਪੰਜਾਬ ਐਂਡ ਸਿੰਧ ਬੈਂਕ ਨੇ ਵੈਸਾਖੀ ਦੇ ਪਵਿੱਤਰ ਦਿਵਸ ਦੀ ਵਧਾਈ ਦਿੰਦਿਆਂ ਇਕ ਵਿਸ਼ੇਸ਼ ਸੰਦੇਸ਼ ਵਿਚ ਆਖਿਆ ਹੈ, ਕਿ 'ਵੈਸਾਖੀ' ਇਕ ਪ੍ਰਤੱਗਿਆ ਦਾ ਦਿਵਸ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਕੋਲੋਂ ਪ੍ਰਤੱਗਿਆ ਲਈ, ਕਿ ਉਹ 'ਸੀਸ' ਦੇ ਕੇ ਵੀ ਕੌਮ ਅਤੇ ਦੇਸ਼ ਦੀ ਅਣਖ ਨੂੰ ਬਚਾਉਣ ਗੇ ਤੇ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਪ੍ਰਤੱਗਿਆ ਲਈ, ਕਿ ਉਹ ਸਦਾ ਖਾਲਸੇ ਦੇ ਅੰਗ ਸੰਗ ਰਹਿਣ ਗੇ। ਸਰਦਾਰ ਕੋਛੜ ਜੀ ਨੇ ਆਖਿਆ, ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਅੰਗ ਸੰਗ ਰੱਖਣ ਵਾਸਤੇ ਹਰ ਸਿੱਖ ਲਈ ਜ਼ਰੂਰੀ ਹੈ, ਕਿ ਉਹ ਅੰਮ੍ਰਿਤ ਛਕੇ, ਨਿਤਨੇਮ ਕਰੇ, ਆਪਣੇ ਆਚਾਰ ਤੇ ਵਿਹਾਰ ਨੂੰ ਨਿਰਮਲ ਤੇ ਸਪਸ਼ਟ ਰਖੇ। ਮਾਨਸ ਜ਼ਾਤਿ ਦੇ ਤੌਰ ਤੇ ਕਿਸੇ ਨਾਲ ਵਿਤਕਰਾ ਨਾ ਕਰੇ, ਕਿਸੇ ਦਾ ਬੁਰਾ ਨਾ ਚਿਤਵੇ। ਹੋ ਸਕੇ ਤਾਂ **ਬਾਬਾ ਹਰਿਬੰਸ ਸਿੰਘ ਜੀ** ਵਾਂਗ ਹੱਥੀਂ ਸੇਵਾ ਕਰ ਕੇ ਗੁਰੂ ਦੀ ਖੁਸ਼ੀ ਲਵੇ। ਸਰਦਾਰ ਜਸਵੰਤ ਸਿੰਘ ਜੀ ਨੇ ਕਿਹਾ, ਕਿ ਗੁਰੂ ਦੀ ਖੁਸ਼ੀ ਸੇਵਾ ਤੇ ਪਰਉਪਕਾਰ ਕਮਾਉਣ ਵਿਚ ਹੀ ਹੈ। **ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ** ਦਾ ਇਕ ਪੇਂਡੂ ਵਾਤਾਵਰਣ ਵਿਚੋਂ ਉਠ ਕੇ ਦੇਸ਼ ਦੀ ਸਰਬ ਉੱਚ ਪੱਦਵੀ ਉਤੇ ਬਿਰਾਜਮਾਨ ਹੋਣ ਨੂੰ ਵੀ ਡਾਇਰੈਕਟਰ ਸਰਦਾਰ ਕੋਛੜ ਨੇ ਗੁਰੂ ਦੀ ਖੁਸ਼ੀ ਦਾ ਹੀ ਫੱਲ ਕਿਹਾ।

ਵੈਸਾਖੀ ਦੀ ਇਤਿਹਾਸਕ ਵਿਸ਼ੇਸ਼ਤਾ ਨੂੰ ਪ੍ਰਗਟਾਂਦਿਆਂ ਸਰਦਾਰ ਜਸਵੰਤ ਸਿੰਘ ਜੀ ਕੋਛੜ ਨੇ ਕਿਹਾ, ਕਿ ਇਸ ਦਿਨ ਇਕ ਨਵੀਂ ਕੌਮ—'ਖਾਲਸਾ' ਦੀ ਸਿਰਜਨਾ ਹੋਈ ਸੀ। ਖਾਲਸਾ ਕੌਮ ਨੇ ਤਨ, ਮਨ ਤੇ ਧਨ ਗੁਰੂ ਗੋਬਿੰਦ ਸਿੰਘ ਜੀ ਨੂੰ ਦੇ ਕੇ, ਆਪਣੇ ਗੁਰੂ ਕੋਲੋਂ ਦੇਸ਼ ਭਗਤੀ ਲਈ ਸੀ। 'ਖਾਲਸਾ' ਨਾ ਕਦੀ ਭਗਤੀ-ਵਿਰੋਧੀ ਹੋ ਸਕਦਾ ਹੈ ਅਤੇ ਨਾ ਹੀ ਦੇਸ਼ ਵਿਰੋਧੀ। ਦੇਸ਼ ਦੀ ਉਸਾਰੀ ਤੇ ਰਖਿਆ ਲਈ ਜਿੰਨੀਆਂ ਕੁਰਬਾਨੀਆਂ ਖਾਲਸਾ ਪੰਥ ਨੇ ਕੀਤੀਆਂ ਹਨ, ਉਸ ਦਾ ਕੋਈ ਵੀ ਸਾਨੀ ਨਹੀਂ।

ਅਕਾਲੀ ਮੰਗਾਂ ਦਾ ਸੰਕੇਤ ਕਰਦਿਆਂ ਸਰਦਾਰ ਜਸਵੰਤ ਸਿੰਘ ਕੋਛੜ ਨੇ **ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ** ਨੂੰ ਅਪੀਲ ਕੀਤੀ ਤੇ ਆਖਿਆ, ਕਿ 'ਪੰਜਾਬ' ਦੇ ਹਾਲਾਤ ਗੰਭੀਰ ਬਣਦੇ ਜਾ ਰਹੇ ਹਨ। ਪ੍ਰਧਾਨ ਮੰਤਰੀ ਜੀ ਨੂੰ ਸਿੱਖ ਮੰਗਾਂ ਮੰਨ ਕੇ ਜਲਦੀ ਤੋਂ ਜਲਦੀ ਪੰਜਾਬ ਨੂੰ ਸ਼ਾਂਤ ਕਰਨਾ ਚਾਹੀਦਾ ਹੈ।

Digitized by Panjab Digital Library | www.panjabdigilib.org

# ਅੰਮ੍ਰਿਤ ਪ੍ਰਾਪਤੀ ਦਾ ਦਿਨ



ਪੰਥ ਦੇ ਉੱਘੇ ਸੇਵਕ **ਸਰਦਾਰ ਤਰਲੋਚਨ ਸਿੰਘ ਸਰਨਾ** 'ਚੇਅਰਮੈਨ' ਗਵਰਨਿੰਗ ਬਾਡੀ ਖਾਲਸਾ ਕਾਲਜ ਦਿੱਲੀ ਨੇ ਵੈਸਾਖੀ ਪੁਰਬ ਉਤੇ ਦਿਤੇ ਇਕ ਵਿਸ਼ੇਸ਼ ਸੰਦੇਸ਼ ਵਿਚ ਆਖਿਆ ਹੈ, ਕਿ ਵੈਸਾਖੀ ਦਾ ਦਿਨ 'ਅੰਮ੍ਰਿਤ' ਪ੍ਰਾਪਤੀ ਦਾ ਦਿਨ ਹੈ। ਵੈਸਾਖੀ 1699 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਅੰਮ੍ਰਿਤ' ਪ੍ਰਦਾਨ ਕਰ ਕੇ ਜਿਥੇ ਸਿੱਖਾਂ ਨੂੰ ਖਾਲਸਾ ਰੂਪ ਵਿਚ ਸਜਾਇਆ ਤੇ ਸੰਵਾਰਿਆ ਉਥੇ ਪ੍ਰਮੇਸ਼ਰ ਰੂਪ ਖਾਲਸੇ ਕੋਲੋਂ ਆਪ ਅੰਮ੍ਰਿਤ ਛੱਕ ਕੇ ਗੁਰੂ-ਚੇਲੇ ਦੇ ਪ੍ਰੰਪਰਾਗਤ ਭੇਦ ਤੇ ਭਰਮ ਨੂੰ ਸਦਾ ਲਈ ਮਿਟਾ ਦਿੱਤਾ। ਸਰਦਾਰ ਸਰਨਾ ਨੇ ਆਖਿਆ, ਕਿ 'ਅੰਮ੍ਰਿਤ' ਪ੍ਰਾਪਤ ਕਰ ਕੇ ਸਿੱਖ 'ਗੁਰੂ' ਵਾਲਾ ਹੋ ਜਾਂਦਾ ਹੈ। ਗੁਰੂ ਤੇ ਸਿੱਖ ਦਾ ਰੂਪ ਇਕੋ ਜਿਹਾ ਹੋ ਜਾਂਦਾ ਹੈ। ਗੁਰੂ ਤੇ ਸਿੱਖ ਦੇ ਰੂਪ ਨੂੰ ਹੀ ਸਿੱਖੀ ਵਿਚ 'ਰਹਿਤ' ਆਖਿਆ ਗਿਆ ਹੈ। ਰਹਿਤਨਾਮਿਆਂ ਵਿਚੋਂ ਸੰਕੇਤ ਕਰਦਿਆਂ ਚੇਅਰਮੈਨ ਸਰਦਾਰ ਤਰਲੋਚਨ ਸਿੰਘ ਨੇ ਕਿਹਾ, ਕਿ ਹਰ ਸਿੱਖ ਨੂੰ ਅੰਮ੍ਰਿਤ ਛੱਕ ਕੇ ਭੇਖੀ ਤੇ ਮੂਰਖ ਬਿਰਤੀ ਤੋਂ ਬਚਣਾ ਚਾਹੀਦਾ ਹੈ।


ਸੰਤ ਹਰਚੰਦ ਸਿੰਘ ਜੀ ਲੌਂਗੋਵਾਲ 'ਪ੍ਰਧਾਨ' ਸ਼੍ਰੋਮਣੀ ਅਕਾਲੀ ਦਲ ਤੇ ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ 'ਪ੍ਰਧਾਨ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਐਲਾਨਾਂ ਦਾ ਹਵਾਲਾ ਦਿੰਦਿਆਂ ਸਰਦਾਰ ਜੀ ਨੇ ਕਿਹਾ, ਕਿ 1999 ਤਕ ਹਰ ਸਿੱਖ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲਾ ਹੋ ਜਾਣਾ ਚਾਹੀਦਾ ਹੈ। ਕਿਉਂਕਿ 'ਗੁਰੂ' ਦੇ ਹੋ ਜਾਣ ਨਾਲ ਹੀ ਸਿੱਖ ਦੀ 'ਮਤਿ' ਉੱਚੀ ਹੋ ਸਕਦੀ ਹੈ ਤੇ 'ਮਨ' ਨੀਵਾਂ ਰਹਿ ਸਕਦਾ ਹੈ।

ਧਰਮ ਯੁੱਧ ਦਾ ਜ਼ਿਕਰ ਕਰਦਿਆਂ ਅਕਾਲੀ ਆਗੂ ਸ਼ਰਨਾ ਜੀ ਨੇ ਕਿਹਾ, ਕਿ ਇਸ ਵੇਲੇ ਪੰਥਕ ਸੰਘਰਸ਼ 'ਕਰੋ ਜਾਂ ਮਰੋ' ਦੀ ਸਥਿਤੀ ਵਿਚ ਪਹੁੰਚ ਗਿਆ ਹੈ। 4 ਅਪ੍ਰੈਲ 1983 ਦਾ 'ਰਸਤਾ ਰੋਕੋ' ਦਾ ਜੋ ਪ੍ਰਦਰਸ਼ਨ ਸ਼੍ਰੋਮਣੀ ਅਕਾਲੀ ਦਲ ਨੇ ਕੀਤਾ ਹੈ, ਉਸ ਨੇ ਸਪਸ਼ਟ ਕਰ ਦਿੱਤਾ ਹੈ, ਕਿ 'ਮੰਗਾਂ' ਜਾਇਜ਼ ਹਨ ਤੇ ਪੰਜਾਬ ਦੇ ਲੋਕ ਮੰਗਾਂ ਦੇ ਨਾਲ ਹਨ। ਪੁਲਿਸ ਵਲੋਂ ਨਿਹੱਥੇ ਤੇ ਸੂਰਬੀਰ ਅਕਾਲੀ ਵਰਕਰਾਂ ਉਤੇ ਗੋਲੀ-ਲਾਠੀ ਚਲਾਉਣ ਦੀ ਨਿਖੇਦੀ ਕਰਦਿਆਂ ਸਰਦਾਰ ਸਰਨਾ ਨੇ ਆਖਿਆ, ਕਿ ਇਸ ਦੁਖਾਂਤਕ ਘਟਨਾ ਦੀ ਜੁਡੀਸ਼ਲ ਪੜਤਾਲ ਹੋਣੀ ਚਾਹੀਦੀ ਹੈ।

'ਮੂੰਹ ਮੇਂ ਰਾਮ ਰਾਮ, ਬਗਲ ਮੇਂ ਛੁਰੀ' ਬਿਰਤੀ ਵਾਲੇ ਸਿੱਖਾਂ ਨੂੰ ਅਪੀਲ ਕਰਦੇ ਹੋਏ ਸਰਨਾ ਜੀ ਨੇ ਕਿਹਾ, ਕਿ ਇਸ ਅਉਖੀ ਘੜੀ ਵਿਚ ਪੰਥ ਦਾ ਸਾਥ ਦਿਉ।

Digitized by Panjab Digital Library | www.panjabdigilib.org

# ਅੰਮ੍ਰਿਤ ਦਾ ਇਨਕਲਾਬ



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ **ਸਰਦਾਰ ਹਰਿਬੰਸ ਸਿੰਘ ਮਨਚੰਦਾ** ਨੇ ਵੈਸਾਖੀ-ਪੁਰਬ ਦੀ ਸਰਬ ਭਾਰਤਵਾਸੀਆਂ ਨੂੰ ਵਧਾਈ ਭੇਟ ਕਰਦਿਆਂ ਆਖਿਆ ਹੈ, ਕਿ 'ਵੈਸਾਖੀ' ਖ਼ਾਲਸੇ ਦਾ ਸਿਰਜਨਾ ਦਿਵਸ ਹੈ। 1699 ਈ: ਦੀ ਵੈਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਲੱਖਾਂ ਵਿਚੋਂ ਪੰਜਾਂ ਪਿਆਰਿਆਂ ਦੀ ਚੋਣ ਕਰ ਕੇ ਤੇ ਫਿਰ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਜਿਵੇਂ 'ਖ਼ਾਲਸਾ' ਸਜਾਇਆ ਸੀ, ਸੱਚ ਮੁੱਚ ਹੀ ਮਨੁੱਖਤਾ ਦੇ ਇਤਿਹਾਸ ਵਿਚ ਇਹ ਇਕ ਇਨਕਲਾਬੀ ਦਿਵਸ ਹੈ। ਮਨਚੰਦਾ ਸਾਹਿਬ ਨੇ ਕਿਹਾ, 'ਅੰਮ੍ਰਿਤ' ਦੀ ਪ੍ਰਾਪਤੀ ਨਾਲ ਹੀ ਇਹ ਇਨਕਲਾਬ ਆਇਆ ਹੈ। ਭਾਰਤੀ ਮਨੁੱਖ ਨਾ ਸ਼ੱਸਤਰ-ਅੱਸਤਰ ਸਜਾ ਸਕਦਾ ਸੀ, ਨਾ ਘੋੜ ਸਵਾਰੀ ਕਰ ਸਕਦਾ ਸੀ, ਨਾ ਕਲਗੀ ਸਜਾ ਸਕਦਾ ਸੀ ਅਤੇ ਨਾ ਹੀ ਅਣਖ ਤੇ ਆਜ਼ਾਦੀ ਨਾਲ ਜੀਵਨ ਜੀਊ ਸਕਦਾ ਸੀ। ਪਰ 'ਖ਼ਾਲਸਾ' ਬਣਦਿਆਂ ਹੀ ਉਸ ਨੂੰ ਸਾਰੇ ਹੱਕ ਮਿਲ ਗਏ। ਗੁਰੂ ਗੋਬਿੰਦ ਸਿੰਘ ਜੀ ਵੇਲੇ ਹੀ ਉਹ ਸ਼ੱਸਤਰਧਾਰੀ ਹੋ ਗਿਆ, ਘੋੜ ਸਵਾਰੀ ਕਰਨ ਲਗ ਪਿਆ, ਕਲਗੀ ਸਜਾ ਕੇ ਅਣਖ ਤੇ ਆਜ਼ਾਦੀ ਨਾਲ ਵਿਚਰਣ ਲਗ ਪਿਆ। ਇਹ ਸਾਰਾ ਇਨਕਲਾਬ ਵੈਸਾਖੀ-ਦਿਵਸ ਤੋਂ ਹੀ ਆਇਆ ਸੀ।

'ਕਿਰਪਾਨ' ਦਾ ਜ਼ਿਕਰ ਕਰਦਿਆਂ ਪ੍ਰਧਾਨ ਮਨਚੰਦਾ ਜੀ ਨੇ ਆਖਿਆ, ਕਿ ਸਿੱਖਾਂ ਲਈ ਕਿਰਪਾਨ ਇਕ ਧਰਮ ਦਾ ਚਿੰਨ੍ਹ ਹੈ। ਸਿੱਖ ਜਿਥੇ ਕਿੱਥੇ ਵੀ ਹੈ, ਜੇ ਉਹ ਧਰਮ ਦੇ ਵਿਧਾਨ ਵਿਚ ਜੀਊਂਦਾ ਹੈ ਤਾਂ ਉਸ ਨੂੰ ਕਿਰਪਾਨ ਪਾਉਣੀ ਚਾਹੀਦੀ ਹੈ। ਕਿਰਪਾਨ ਪਾਉਣੀ ਹਰ ਸਿੱਖ ਦਾ ਵਿਧਾਨਕ ਹੱਕ ਵੀ ਹੈ। ਭਾਰਤੀ ਹਵਾਈ ਜਹਾਜ਼ਾਂ ਵਿਚ ਕਿਰਪਾਨ ਉਤੇ ਲਗੀ ਪਾਬੰਦੀ ਨੂੰ ਹਟਾ ਕੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕੌਮੀ ਫਰਜ਼ ਨੂੰ ਅਦਾ ਕੀਤਾ ਹੈ। ਸਰਦਾਰ ਮਨਚੰਦਾ ਜੀ ਨੇ ਆਖਿਆ, ਕਿ ਹਵਾਈ ਜਹਾਜਾਂ ਵਿਚ ਕਿਰਪਾਨ ਪਹਿਨਣ ਦੀ ਆਜ਼ਾਦੀ ਬੰਦ ਨਹੀਂ ਸੀ ਹੋਣੀ ਚਾਹੀਦੀ। ਇਹ ਸਿੱਖਾਂ ਦਾ ਵਿਧਾਨਕ ਹੱਕ ਵੀ ਹੈ। ਚੰਗਾ ਹੋਇਆ ਹੈ, ਕਿ ਪ੍ਰਧਾਨ ਮੰਤਰੀ ਜੀ ਨੇ ਅਮਲੀ ਤੌਰ ਤੇ ਸਿੱਖਾਂ ਦੇ ਇਸ ਹੱਕ ਨੂੰ ਬਹਾਲ ਕਰ ਦਿੱਤਾ ਹੈ। ਪ੍ਰਧਾਨ ਸਰਦਾਰ ਹਰਿਬੰਸ ਸਿੰਘ ਜੀ ਨੇ ਕਿਹਾ. ਕਿ ਅਕਾਲੀ ਮੰਗਾਂ ਸਾਰੀਆਂ ਜਾਇਜ਼ ਹਨ ਤੇ ਪ੍ਰਧਾਨ ਮੰਤਰੀ ਜੀ ਨੂੰ ਮੰਨ ਲੈਣੀਆਂ ਚਾਹੀਦੀਆਂ ਹਨ।



Digitized by Panjab Digital Library | www.panjabdigilib.org

# ਤੀਸਰ ਪੰਥ ਦਾ ਗੌਰਵ



ਦਿੱਲੀ ਦੇ ਪ੍ਰਸਿੱਧ ਨੇਤਾ **ਸਰਦਾਰ ਮਹਿੰਦਰ ਸਿੰਘ ਮਠਾਰੂ** ਜਨਰਲ ਸਕੱਤਰ ਦਿੱਲੀ ਅਕਾਲੀ ਦਲ ਨੇ ਸਿੱਖ ਪੰਥ ਨੂੰ ਖਾਲਸੇ ਦੇ ਸਿਰਜਨ ਦਿਵਸ ਦੀ ਵਧਾਈ ਦਿੰਦਿਆਂ ਇਕ ਸੰਦੇਸ਼ ਵਿਚ ਆਖਿਆ ਹੈ, ਕਿ ਖਾਲਸੇ ਦੀ ਸਿਰਜਨਾ ਆਪਣੇ ਆਪ ਵਿਚ ਇਕ ਨਿਆਰੀ ਕੌਮ ਦੀ ਸਿਰਜਨਾ ਹੈ। ਇਸ ਖਾਲਸਾ ਕੌਮ ਦੀ ਸਿਰਜਨਾ ਨੂੰ ਹੀ ਭਾਈ ਗੁਰਦਾਸ ਸਿੰਘ ਨੇ 'ਤੀਸਰ ਪੰਥ' ਦੀ ਸਿਰਜਨਾ ਆਖਿਆ ਹੈ। ਸਰਦਾਰ ਮਠਾਰੂ ਨੇ ਕਿਹਾ, ਕਿ ਤੀਸਰੇ ਪੰਥ ਦਾ ਇਤਿਹਾਸ ਅਨੇਕਾਂ ਗੌਰਵਸ਼ਾਲੀ ਘਟਨਾਵਾਂ ਨਾਲ ਭਰਿਆਂ ਹੋਇਆ ਇਤਿਹਾਸ ਹੈ। ਖਾਲਸੇ ਨੇ ਹਰ ਸੰਗ੍ਰਾਮ ਵਿਚ ਸਦਾ ਫ਼ਤਹਿ ਪ੍ਰਾਪਤ ਕੀਤੀ। ਖਾਲਸੇ ਦੀ ਲੜਾਈ ਮੁਗਲਾਂ ਨਾਲ ਸੀ ਜਾਂ ਵੇਲੇ ਦੀ ਹਰ ਸਰਕਾਰ ਨਾਲ ਸੀ, ਖਾਲਸਾ ਕੌਮ ਨੇ ਹਰ ਲੜਾਈ ਵਿਚ ਆਪਣੇ ਗੌਰਵ ਨੂੰ ਕਾਇਮ ਰਖਿਆ।


ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ ਵਲੋਂ ਲੜੇ ਜਾ ਰਹੇ ਧਰਮ ਯੁੱਧ ਦਾ ਜ਼ਿਕਰ ਕਰਦਿਆਂ ਸਰਦਾਰ ਮਹਿੰਦਰ ਸਿੰਘ ਨੇ ਆਖਿਆ, ਕਿ ਧਰਮ ਯੁੱਧ ਨੂੰ ਲਗਾਤਾਰ ਸ਼ਾਤਮਈ ਰਖਣਾ, ਇਹ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਇਤਿਹਾਸਕ ਸਫਲਤਾ ਹੈ। ਲੜਾਈ ਵਿਚ ਜਿਤ ਹਮੇਸ਼ਾਂ ਸ਼ਾਂਤੀ ਦੀ ਹੀ ਹੁੰਦੀ ਹੈ। ਅਕਾਲੀ ਲੀਡਰ ਮਠਾਰੂ ਨੇ ਕਿਹਾ, ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਮੰਗਾਂ ਬਿਲਕੁਲ ਜਾਇਜ਼ ਤੇ ਸਮੁੱਚੇ ਪੰਜਾਬ ਵਾਸਤੇ ਲਾਭਕਾਰੀ ਹਨ। ਇਸ ਕਰ ਕੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਇਹ ਮੰਗਾਂ ਸਵੀਕਾਰ ਕਰ ਲੈਣੀਆਂ ਚਾਹੀਦੀਆਂ ਹਨ। ਤੇ ਸ਼ਾਂਤਮਈ ਮੋਰਚੇ ਵਿਚ ਅਜਿਹੇ ਹਾਲਾਤ ਬਿਲਕੁਲ ਨਹੀਂ ਪੈਦਾ ਹੋਣ ਦੇਣੇ ਚਾਹੀਦੇ, ਜਿਸ ਨਾਲ ਪੰਜਾਬ ਵਿਚ ਗੋਲੀ ਤੇ ਲਾਠੀ ਦਾ ਰਾਜ ਹੋਵੇ।

'ਸਰਕਾਰੀਆ ਕਮਿਸ਼ਨ' ਦੀ ਨਿਯੁਕਤੀ ਨੂੰ ਅਕਾਲੀ ਆਗੂ ਸਰਦਾਰ ਮਠਾਰੂ ਨੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਵੱਡੀ ਸਫਲਤਾ ਆਖਿਆ। ਉਹਨਾਂ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ, ਕਿ ਕਿਸੇ ਵੀ ਮੰਗ ਦਾ ਐਲਾਨ ਲੰਗੜੇ ਰੂਪ ਵਿਚ ਨਹੀਂ, ਪੰਥਕ ਲੀਡਰਾਂ ਦੀ ਸਵੀਕ੍ਰਿਤੀ ਨਾਲ ਹੀ ਕਰਨਾ ਚਾਹੀਦਾ ਹੈ।



Digitized by Panjab Digital Library | www.panjabdigilib.org

# ਸਿੱਖੀ ਪ੍ਰਚਾਰ ਦਾ ਕਾਰਜ



ਇਹ ਹਨ—ਜਗਤ ਪ੍ਰਸਿੱਧ ਹਸਤੀ **ਡਾਕਟਰ ਸਰਦਾਰ ਇੰਦਰਜੀਤ ਸਿੰਘ ਜੀ,** ਜਿਨ੍ਹਾਂ ਨੇ ਪੰਜਾਬ ਐਂਡ ਸਿੰਧ ਬੈਂਕ ਨੂੰ ਇਕ ਬੈਂਕ ਦੇ ਰੂਪ ਵਿਚ ਵੀ ਤਰੱਕੀ ਦੀਆਂ ਸਿਖਰਾਂ ਪ੍ਰਦਾਨ ਕੀਤੀਆਂ ਸਨ ਤੇ ਬੈਂਕ ਨੂੰ ਸਿੱਖੀ-ਪਾਸਾਰ ਦਾ ਕੇਂਦਰ ਵੀ ਸਥਾਪਿਤ ਕੀਤਾ ਸੀ। ਸੰਸਾਰ ਦੇ ਸਰਬ ਬੈਂਕਾਂ ਵਿਚੋਂ ਕੇਵਲ ਇਕੋ ਇਕ 'ਪੰਜਾਬ ਐਂਡ ਸਿੰਧ ਬੈਂਕ ਹੀ ਹੈ, ਜਿਸ ਵਿਚ ਲੱਗ ਭੱਗ ਨੌਂ ਹਜ਼ਾਰ ਸਿੱਖ ਨੌਜਵਾਨ ਭਰਤੀ ਹਨ ਤੇ ਸਿੱਖੀ-ਸੇਵਾ ਲਈ ਸਦਾ ਤੱਤਪਰ ਰਹਿੰਦੇ ਹਨ। ਡਾਕਟਰ ਸਾਹਿਬ ਨੇ ਚੇਅਰਮੈਨ ਦੀ ਸੇਵਾ ਤੋਂ ਮੁਕਤ ਹੋ ਕੇ ਵੀ ਸੇਵਾ ਤੇ ਪ੍ਰਚਾਰ ਦੇ ਕਾਰਜ ਨੂੰ ਛਡਿਆ ਨਹੀਂ।

ਡਾਕਟਰ ਇੰਦਰਜੀਤ ਸਿੰਘ ਜੀ ਨੇ ਇਕ ਜ਼ਾਤੀ ਮੁਲਾਕਾਤ ਵਿਚ ਕਿਹਾ, ਕਿ ਸਿੱਖੀ ਪ੍ਰਚਾਰ ਦਾ ਇਕ ਆਧੁਨਿਕ ਢੰਗ ਇਹ ਹੈ, ਕਿ ਗੁਰੂ-ਮਹਿਮਾ ਜਾਂ ਸਿੱਖੀ ਸਿਧਾਂਤ ਚਿੱਤਰਾਂ ਰਾਹੀਂ ਉਜਾਗਰ ਕੀਤਾ ਜਾਵੇ। ਸਰਦਾਰ ਜੀ ਨੇ ਦਸਿਆ, ਕਿ 'ਬੈਂਕ' ਵਲੋਂ ਕੈਲੰਡਰਾਂ ਤੇ ਗੁਰੂ-ਜੀਵਨੀਆਂ ਦੀ ਪ੍ਰਕਾਸ਼ਨਾ ਪ੍ਰਚਾਰ ਲੜੀ ਦੀ ਹੀ ਇਕ ਕੜੀ ਸਨ। ਡਾਕਟਰ ਸਾਹਿਬ ਦੀ **ਮਿਸਿਜ਼ ਸਰਦਾਰਨੀ ਦਮਯੰਤਕੌਰ ਜੀ** ਨੇ ਦਸਿਆ, ਕਿ ਸਿੱਖੀ ਪ੍ਰਚਾਰ ਦੀ ਭਾਵਨਾ ਨੂੰ ਜਾਰੀ ਰੱਖਣ ਵਾਸਤੇ ਹੀ PSB Finance & Investments Limited, L—40, Connaught Place New Delhi ਵਲੋਂ ਵੈਸਾਖੀ ਦਿਵਸ ਉਤੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਜੀ ਬਾਰੇ ਇਕ ਸ਼ਾਨਦਾਰ ਕੈਲੰਡਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਕੈਲੰਡਰ ਪ੍ਰਕਾਸ਼ਨਾ ਉਤੇ ਹਾਰਦਿਕ ਵਧਾਈ ਭੇਟ ਕਰਦੇ ਹਾਂ।

---


## ਪ੍ਰੋਫੈਸਰ ਜੋਗਿੰਦਰ ਸਿੰਘ ਦੀਆਂ ਨਵੀਆਂ ਪ੍ਰਕਾਸ਼ਿਤ ਪੁਸਤਕਾਂ

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਦੀਦਾਰ | ਮੁਲ 20 ਰੁਪਏ |
| ਅਮਰ ਸਰੂਪ : ਗੁਰੂ ਅਮਰਦਾਸ ਜੀ | ਮੁਲ 12 ਰੁਪਏ |
| ਖਾਲਸੇ ਦਾ ਦਰਸ਼ਨ | ਮੁਲ 15 ਰੁਪਏ |
| ਗੁਰ ਉਪਦੇਸ਼ | ਮੁਲ 15 ਰੁਪਏ |

ਸਾਡੇ ਪਾਸੋਂ ਮੰਗਵਾਉ :

**ਪੰਜਾਬੀ ਬੁਕ ਸਟੋਰ** ਫੋਨ 505214 520939

ਪਹਾੜ ਗੰਜ, ਨਵੀਂ ਦਿੱਲੀ-55


---

Digitized by Panjab Digital Library | www.panjabdigilib.org

# ਖ਼ਾਲਸੇ ਦਾ ਫਰਜ਼



ਕਰੋਲ ਬਾਗ ਦੇ ਉੱਘੇ ਪੰਥ ਸੇਵਕ **ਸਰਦਾਰ ਅਮਰ ਸਿੰਘ ਨਾਰੰਗ** ਨੇ ਆਪਣੇ ਇਕ ਵਿਸ਼ੇਸ਼ ਸੰਦੇਸ਼ ਵਿਚ ਆਖਿਆ ਹੈ, ਕਿ ਖਾਲਸੇ ਦੀ ਸਿਰਜਨਾ ਦੱਸਾਂ ਗੁਰੂਆਂ ਦੀ ਸੋਚੀ-ਸਮਝੀ, ਸਿਆਣਪ ਤੇ ਦੂਰ-ਅੰਦੇਸ਼ੀ ਦਾ ਹੀ ਸਿੱਟਾ ਹੈ। ਸਰਦਾਰ ਜੀ ਨੇ ਕਿਹਾ, ਕਿ ਇਹ ਕਹਿਣਾ ਬਿਲਕੁਲ ਗਲਤ ਹੈ, ਕਿ ਖਾਲਸੇ ਦੀ ਸਿਰਜਨਾ ਅਚਾਨਕ ਹੋਈ ਹੈ। ਨਾਰੰਗ ਜੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਮੁਖ ਉਪਦੇਸ਼ ਇਹੀ ਦਿੱਤਾ ਸੀ, ਕਿ ਤਨ, ਮਨ ਤੇ ਧਨ ਗੁਰੂ ਨੂੰ ਸੌਂਪ ਕੇ ਹੀ ਗੁਰੂਦੇਵ ਦੀ ਪ੍ਰਸੰਸਾ ਤੇ ਸਾਹਿਬੀ ਪ੍ਰਾਪਤ ਕੀਤੀ ਜਾ ਸਕਦੀ ਹੈ। 230 ਸਾਲਾਂ ਦੇ ਗੁਰ ਉਪਦੇਸ਼ ਨੂੰ ਮੰਨ ਕੇ ਹੀ ਪੰਜਾਂ ਪਿਆਰਿਆਂ ਨੇ ਆਪਣਾ ਤਨ, ਮਨ ਤੇ ਧਨ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪਿਆਂ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਇਹਨਾਂ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਆਪਣੀ 'ਸਾਹਿਬੀ' ਦਿਤੀ ਤੇ ਫਿਰ ਖਾਲਸੇ ਨੂੰ ਸੰਪੂਰਨ ਕਰ ਕੇ, ਉਸ ਨੂੰ ਆਪਣਾ ਖਾਸ ਰੂਪ ਕਹਿ ਕੇ ਮਾਣ ਦਿੱਤਾ।

ਖਾਲਸੇ ਦੇ ਫਰਜ਼ ਦਾ ਜ਼ਿਕਰ ਕਰਦਿਆਂ ਸਰਦਾਰ ਨਾਰੰਗ ਜੀ ਨੇ ਕਿਹਾ, ਕਿ ਖਾਲਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕਾਂ ਵਰਦਾਨ ਪ੍ਰਾਪਤ ਹਨ। ਵਰਦਾਨਾਂ ਵਿਚੋਂ ਇਕ ਵਰਦਾਨ ਇਹ ਹੈ, ਕਿ 'ਖਾਲਸਾ' ਸਦਾ ਧਰਮ ਯੁਧ ਦੇ ਚਾਅ ਵਿਚ ਜੀਵੇ। 'ਧਰਮ' ਕਸ਼ਮੀਰੀ ਪੰਡਿਤਾਂ ਦਾ ਹੋਵੇ ਜਾਂ ਪਹਾੜੀ ਰਾਜਿਆਂ ਦਾ ਹੋਵੇ, ਖਾਲਸੇ ਦਾ ਫਰਜ਼ ਹੈ, ਕਿ ਉਹਨਾਂ ਦੇ ਧਰਮ ਦੀ ਰਾਖੀ ਕਰੇ।

ਪੰਥ ਵਲੋਂ ਆਰੰਭੇ ਧਰਮ ਯੁੱਧ ਦਾ ਜ਼ਿਕਰ ਕਰਦਿਆਂ ਸਰਦਾਰ ਜੀ ਨੇ ਕਿਹਾ, ਕਿ ਇਸ ਵੇਲੇ ਸਮੁੱਚਾ ਸਿੱਖ ਜਗਤ ਅਉਖੀ ਘੜੀ ਵਿਚ ਹੈ। ਨੌਜਵਾਨਾਂ ਦੇ ਖਾਲਸਈ ਜਜ਼ਬੇ ਨੂੰ ਕੁਚਲਿਆ ਜਾ ਰਿਹਾ ਹੈ। ਇਸ ਵੇਲੇ ਸਖਤ ਲੋੜ ਹੈ, ਕਿ ਖਾਲਸੇ ਪੰਥ ਦੀ ਰਾਖੀ ਤੇ ਸੁਤੰਤਰ ਹਸਤੀ ਨੂੰ ਕਾਇਮ ਰੱਖਣ ਵਾਸਤੇ ਹਰ ਸਿੱਖ ਤਨ, ਮਨ ਤੇ ਧਨ ਨਾਲ ਪੰਥ ਦਾ ਸਾਥ ਦੇਵੇ।



Digitized by Panjab Digital Library | www.panjabdigilib.org

# ਮਰਦਾਨਗੀ ਦੀ ਜ਼ਿੰਦਗੀ



ਸੁਹਿਰਦ ਆਗੂ **ਸਰਦਾਰ ਗੁਰਬਚਨ ਸਿੰਘ ਭਸੀਨ** 'ਪ੍ਰਧਾਨ' ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਸ਼ੋਕ ਵਿਹਾਰ ਦਿੱਲੀ ਨੇ ਵੈਸਾਖੀ-ਗੁਰਪੁਰਬ ਦੀ ਵਧਾਈ ਦਿੰਦਿਆਂ ਆਖਿਆ ਹੈ, ਕਿ 'ਵੈਸਾਖੀ' ਦਾ ਦਿਨ ਖਾਲਸਾ ਕੌਮ ਲਈ ਸਭ ਤੋਂ ਵੱਡਾ ਦਿਨ ਹੈ। ਵੈਸਾਖੀ ਦਿਵਸ ਉਤੇ ਹੀ ਸਿੱਖਾਂ ਨੇ ਪੰਜ ਸਿਰ ਦੇ ਕੇ 'ਖਾਲਸੇ' ਹੋਣ ਦਾ ਮਾਣ ਪ੍ਰਾਪਤ ਕੀਤਾ ਸੀ। ਸਰਦਾਰ ਜੀ ਨੇ ਭਰਪੂਰ ਪੰਥਕ ਜਜ਼ਬੇ ਵਿਚ ਆਖਿਆ, ਕਿ ਆਪਣੇ ਆਪ ਵਿਚ 'ਖਾਲਸਾ' ਹੋ ਸਕਣਾ, ਨਿਸਚੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਅੰਗ ਸੰਗ ਰਖਣਾ ਹੈ। ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਹੋਣ, ਉਹ ਫਿਰ ਮੁਰਦਾ ਨਹੀਂ ਹੋ ਸਕਦਾ, ਸਦਾ ਮਰਦਾਨਗੀ ਦੀ ਜ਼ਿੰਦਗੀ ਜੀਉਂਦਾ ਹੈ। ਭਸੀਨ ਸਾਹਿਬ ਨੇ ਕਿਹਾ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮੁਰਦਾ ਹੋ ਚੁਕੇ ਭਾਰਤੀਆਂ ਨੂੰ 'ਅੰਮ੍ਰਿਤ' ਤੇ 'ਕਕਾਰ' ਪ੍ਰਦਾਨ ਕਰ ਕੇ, ਸਦਾ ਸੂਰਬੀਰ ਤੇ ਸ੍ਵੈਮਾਣ ਨਾਲ ਜੀਊਣ ਦਾ ਹੱਕ ਦਿੱਤਾ। ਖਾਲਸੇ ਨੂੰ ਇਹ ਆਪਣਾ ਹੱਕ ਸਦਾ ਕਾਇਮ ਤੇ ਸੁਰਖਿੱਅਤ ਰਖਣਾ ਚਾਹੀਦਾ ਹੈ।

---



ਅਕਾਲੀ ਲੀਡਰ **ਗੁਰਬਖਸ਼ ਸਿੰਘ ਬਿੰਦਰਾ** ਮੈਨੇਜਿੰਗ ਡਾਇਰੈਕਟਰ 'ਬਿੰਦਰਾ ਬਸ ਸਰਵਿਸ' ਨੇ

**ਵੈਸਾਖੀ-ਦਿਵਸ**

**ਦੀ**

**ਸਮੂਹ ਖਾਲਸਾ ਪੰਥ ਨੂੰ**

**ਹਾਰਦਿਕ ਵਧਾਈ**

**ਭੇਟ ਕੀਤੀ ਹੈ**



Digitized by Panjab Digital Library | www.panjabdigilib.org

ਉਘੇ ਨੌਜਵਾਨ ਆਗੂ



ਸਰਦਾਰ ਗੁਰਚਰਨ ਸਿੰਘ ਜੀ

ਹੋਣਹਾਰ ਸਪੁੱਤਰ

ਸੱਚਖੰਡਵਾਸੀ ਸਰਦਾਰ ਸੋਭਾ ਸਿੰਘ ਜੀ

ਹਿੰਦੁਸਤਾਨ ਲੈਦਰ ਸਟੋਰ

ਸਦਰ ਥਾਨਾ ਰੋਡ ਦਿੱਲੀ

ਵਲੋਂ

# ਖਾਲਸੇ ਦੇ ਜਨਮ ਦਿਵਸ

ਦੀ

ਸਮੂਹ ਭਾਰਤ ਵਾਸੀਆਂ ਨੂੰ ਲੱਖ ਲੱਖ ਵਧਾਈ ਹੋਵੇ



Digitized by Panjab Digital Library | www.panjabdigilib.org

ਦਿੱਲੀ ਦੇ ਪ੍ਰਸਿੱਧ ਅਕਾਲੀ ਜੱਥੇਦਾਰ **ਹਰਿਬੰਸ ਸਿੰਘ ਲਾਂਬਾ** 'ਚੇਅਰਮੈਨ' ਵੈਸਟ ਜ਼ੋਨ ਅਕਾਲੀ ਵਰਕਰਜ਼ ਨੇ **'ਰਸਤਾ ਰੋਕੋ'** ਸੰਘਰਸ਼ ਸਮੇਂ ਅਕਾਲੀਆਂ ਉਤੇ ਕੀਤੀ ਪੁਲਿਸ ਵਲੋਂ ਫਾਇਰਿੰਗ ਦੀ ਸਖਤ ਨਿਖੇਦੀ ਕੀਤੀ ਹੈ ।





ਤਿਲਕ ਨਗਰ ਦੇ ਹਰਮਨ ਪਿਆਰੇ ਆਗੂ **ਸਰਦਾਰ ਨਿਰਵੈਰ ਸਿਘ ਜੀ** ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੈਸਾਖੀ ਦਿਵਸ ਦੀ ਸਰਬ ਸੰਗਤਾਂ ਨੂੰ ਲੱਖ ਲੱਖ ਵਧਾਈ ਭੇਟ ਕਰਦੇ ਹਨ ।



ਇਹ ਹਨ—ਅਕਾਲੀ ਆਗੂ **ਜੱਥੇਦਾਰ ਸ਼ੇਰ ਸਿੰਘ** ਜੀ ਜਿਨ੍ਹਾਂ ਨੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੇ ਹੁਕਮ ਉਤੇ ਪਹਿਲਾਂ ਧਰਮ ਯੁੱਧ ਮੋਰਚੇ ਵਿਚ ਗ੍ਰਿਫਤਾਰੀ ਲਈ ਜੱਥਾ ਲੈ ਕੇ ਗਏ ਤੇ ਹੁਣ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਦਾ ਮਨ ਬਣਾਇਆ ਹੈ ।

Digitized by Panjab Digital Library | www.panjabdigilib.org

# ਸ੍ਰੀ ਅਨੰਦਪੁਰ ਸਾਹਿਬ ਦੀ ਸਿਰਜਨਾ



**ਪ੍ਰੋਫੈਸਰ ਜੋਗਿੰਦਰ ਸਿੰਘ**
ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

( 1 )

'ਸ੍ਰੀ ਅਨੰਦਪੁਰ ਸਾਹਿਬ' ਉਹ ਪਵਿੱਤਰ ਅਤੇ ਇਤਿਹਾਸਕ ਧਰਤੀ ਹੈ, ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ-ਧਰਮ ਦਾ ਲੋਕ-ਰਾਜੀ ਰੂਪ ਪ੍ਰਗਟ ਕੀਤਾ ਹੈ, ਜਿਥੇ ਪੰਜ ਸਿੱਖਾਂ ਕੋਲੋਂ ਸਿਰ (ਤਨ, ਮਨ ਤੇ ਧਨ) ਲੈ ਕੇ, ਉਨ੍ਹਾਂ ਨੂੰ ਮੌਤ ਦੇ ਭੈ ਤੋਂ ਸੁਤੰਤਰ ਕੀਤਾ ਹੈ, ਜਿਥੇ ਗੁਰੂ-ਕੌਮ ਨੂੰ ਸੰਪੂਰਨ ਰੂਪ 'ਖਾਲਸਾ' ਵਿਚ ਸਿਰਜਿਆ ਤੇ ਸੰਵਾਰਿਆ ਹੈ, ਜਿਥੇ ਖਾਲਸੇ ਨੂੰ ਅਣਖ ਅਤੇ ਆਜ਼ਾਦੀ ਦਾ ਆਸ਼ਕ ਬਣਾਇਆ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਸਦਾ ਜਾਗਦੇ ਯੋਧੇ ਵਾਂਗ ਜੀਉਂਦਾ ਹੈ। ਉਹ ਕਦੀ ਵੀ ਮੈਂ, ਕੂੜ, ਦ੍ਵੈਤ, ਪਾਖੰਡ ਤੇ ਵਿਕਾਰਾਂ ਦੇ ਬੰਧਨ ਵਿਚ ਨਹੀਂ ਆਉਂਦਾ ਅਤੇ ਨਾ ਹੀ ਆਪਣੇ ਆਪ ਨਾਲ ਜਾਂ ਕਿਸੇ ਹੋਰ ਨਾਲ ਜ਼ੁਲਮ ਤੇ ਬੇ-ਇਨਸਾਫੀ ਹੋਣ ਦਿੰਦਾ ਹੈ। ਧਰਮ-ਯੁੱਧ ਲਈ ਜੂਝ ਮਰਨਾ ਉਸ ਦਾ ਪਰਮ ਆਦਰਸ਼ ਹੁੰਦਾ ਹੈ। ਸ੍ਰੀ ਅਨੰਦਪੁਰ ਸਾਹਿਬਦਾ ਵਾਸੀ ਨਿਰੰਤਰ ਆਪਣੇ ਆਪ ਨੂੰ ਅਧਿਆਤਮਿਕ ਰਖਦਾ ਹੈ। ਸੱਚ, ਸਿਮਰਨ, ਸਮਰਪਣ, ਸੇਵਾ ਤੇ ਸਹਿਜ ਇਹ ਉਸ ਦਾ ਵਿਸ਼ੇਸ਼ ਅੰਦਰਲਾ ਗੁਣ-ਸ਼ਿੰਗਾਰ ਹੁੰਦਾ ਹੈ। ਬਾਹਰੋਂ ਭਾਵੇਂ ਉਹ ਗੁੱਦੜ ਹੀ ਕਿਉਂ ਨਾ ਹੋਵੇ, ਚੂੰਕਿ 'ਅਨੰਦ' ਉਸ ਦੇ ਸਮੁੱਚੇ ਜੀਵਨ ਦਾ ਆਧਾਰ ਹੁੰਦਾ ਹੈ, ਤੇ ਪਾਸਾਰ ਵੀ ਹੁੰਦਾ ਹੈ, ਇਸ ਲਈ ਜਿਥੇ ਸ੍ਰੀ ਅਨੰਦਪੁਰ ਸਾਹਿਬ ਦੀ ਅਧਿਆਤਮਿਕ ਉੱਚਤਾ ਤੇ ਪਵਿਤਰਤਾ ਅਥਾਹ ਹੈ, ਉਥੇ ਖਾਲਸਾ ਕੌਮ ਵਾਸਤੇ ਸ੍ਰੀ ਅਨੰਦਪੁਰ ਸਾਹਿਬ ਇਕ 'ਤਖਤ' ਦਾ ਸਤਿਕਾਰ ਤੇ ਮਾਣ ਵੀ ਰਖਦਾ ਹੈ। 'ਤਖਤ' ਸ੍ਰੀ ਅੰਮ੍ਰਿਤਸਰ ਵਿਚ ਹੋਵੇ ਜਾਂ ਸ੍ਰੀ ਅਨੰਦਪੁਰ ਦੇ ਰੂਪ ਵਿਚ ਹੋਵੇ, 'ਤਖਤ' ਦਾ ਹਰ ਹੁਕਮ ਸਮੁੱਚੇ ਪੰਥ ਵਾਸਤੇ ਪ੍ਰਮਾਣਿਤ ਹੈ।



Digitized by Panjab Digital Library | www.panjabdigilib.org

( 2 )

ਸ੍ਰੀ ਅਨੰਦਪੁਰ ਸਾਹਿਬ ਖਾਲਸਾ ਕੌਮ ਦਾ 'ਤਖਤ' ਕਦੋਂ ਬਣਿਆ ਹੈ ? ਇਹ ਪ੍ਰਸ਼ਨ ਹਾਲਾਂ ਖੋਜ ਦਾ ਮੁਥਾਜ ਹੈ, ਪਰ ਇਤਿਹਾਸਕ ਦ੍ਰਿਸ਼ਟੀ ਤੋਂ ਇਹ ਸਪਸ਼ਟ ਹੈ, ਕਿ ਸ੍ਰੀ ਅਨੰਦਪੁਰ ਸਾਹਿਬ ਦਾ ਪਹਿਲਾ ਨਾਮ 'ਮਾਖੋਵਾਲ' ਸੀ। ਇਸ ਧਰਤੀ ਦਾ ਨਾਮ ਮਾਖੋਵਾਲ ਇਸ ਕਰਕੇ ਸੀ, ਕਿ ਇਥੇ 'ਮਾਖੋ' ਨਾਮ ਦਾ ਰਾਖਸ਼ ਰਹਿੰਦਾ ਸੀ। ਤੇ ਕੋਈ ਵੀ ਪਹਾੜੀ ਰਾਜਾ ਇਸ 'ਮਾਖੋਵਾਲ' ਦੀ ਨਵ ਸਿਰਜਨਾ ਵਾਸਤੇ ਤਿਆਰ ਨਹੀਂ ਸੀ। ਕੌਮੀ ਕੇਂਦਰਾਂ ਦੀ ਸੁਤੰਤਰ ਸਥਾਪਤੀ ਤੇ ਨਿਕਟ ਭਵਿੱਖ ਵਿਚ ਮੁਗਲ ਹਕੂਮਤ ਵਲੋਂ ਹੋਣ ਵਾਲੇ ਜ਼ੁਲਮ ਅਤੇ ਬੇ-ਇਨਸਾਫੀ ਵਿਰੁਧ ਲੜਨ ਲਈ 13 ਮਈ 1665 ਨੂੰ ਗੁਰੂ ਤੇਗ ਬਹਾਦਰ ਜੀ ਨੇ ਰਾਜਾ ਤਾਰਾ ਚੰਦ ਨੂੰ 500 ਰੁਪਿਆ ਦੇ ਕੇ ਮਾਖੋਵਾਲ ਦਾ ਇਹ ਪੂਰਾ ਪਿੰਡ ਖਰੀਦ ਲਿਆ। ਗੁਰਗੱਦੀ ਉਤੇ ਬੈਠਦਿਆਂ ਹੀ ਗੁਰੂ ਤੇਗ ਬਹਾਦਰ ਜੀ ਨੇ 'ਕੀਰਤਪੁਰ' ਛਡ ਦਿੱਤਾ ਤੇ ਪਿੰਡ ਮਾਖੋਵਾਲ ਵਿਚ ਆਪਣਾ ਨਿਵਾਸ ਕਰ ਲਿਆ। ਗੁਰੂ ਤੇਗ ਬਹਾਦਰ ਜੀ ਦੇ ਮਾਖੋਵਾਲ ਆ ਜਾਣ ਕਾਰਣ ਗੁਰ-ਗੱਦੀ ਦਾ ਸਾਰਾ ਕਾਰਜ ਵੀ ਇਥੋਂ ਹੀ ਹੋਣ ਲਗ ਪਿਆ। ਸੰਗਤਾਂ ਦੀ ਆਵਾਜਾਈ ਵੀ ਸਹਿਜ ਸੁਭਾ ਹੋ ਗਈ। ਜਿਵੇਂ ਗੁਰੂ ਰਾਮਦਾਸ ਜੀ ਨੇ 'ਰਾਮਦਾਸ ਸਰ' ਵਸਾ ਕੇ ਆਪਣੇ ਸਿੱਖਾਂ-ਸੇਵਕਾਂ ਨੂੰ ਪ੍ਰੇਰਿਆ ਸੀ, ਕਿ ਇਥੇ ਵੱਸੋ, ਮਕਾਨ ਬਣਾਉਣ ਵਾਸਤੇ ਸਹੂਲਤਾਂ ਤੇ ਵਪਾਰ ਲਈ ਅਸੀਸਾਂ ਵੀ ਦਿੱਤੀਆਂ ਸਨ, ਬਿਲਕੁਲ ਉਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਵੀ ਮਾਖੋਵਾਲ ਦੀ ਅਨੰਦ-ਸਰੂਪ ਸਿਰਜਨਾ ਲਈ ਆਪਣੇ ਸਿੱਖ-ਸੇਵਕਾਂ ਨੂੰ ਪ੍ਰੇਰਿਆ, ਤੇ ਇਥੇ ਮਕਾਨ ਬਣਾਉਣ ਅਤੇ ਕੰਮ-ਕਾਜ ਲਈ ਸਹੂਲਤਾਂ ਵੀ ਪੇਸ਼ ਕੀਤੀਆਂ। ਇਤਿਹਾਸ ਸਾਖੀ ਹੈ ਕਿ ਦਿਨਾਂ ਵਿਚ ਹੀ ਮਾਖੋਵਾਲ ਦੇ ਵਾਤਾਵਰਣ ਵਿਚ 'ਮਾਖੋ' ਦੈਂਤ ਦਾ ਜਿਹੜਾ ਡਰ ਇਕ ਵਹਿਮ ਵਜੋਂ ਸਮਾਇਆ ਹੋਇਆ ਸੀ, ਉਹ ਸਹਿਜੇ ਹੀ ਨਿਕਲ ਗਿਆ ਤੇ ਸੱਚ, ਸਿਮਰਨ, ਸੰਗਤਿ, ਸੇਵਾ, ਜੁਰਅੱਤ ਤੇ ਨਿਡਰਤਾ ਦਾ ਵਾਤਾਵਰਣ ਸਿਰਜਿਆ ਜਾਣ ਲੱਗਾ। ਪਿਛਲੀਆਂ ਦੋ ਸਦੀਆਂ ਵਿਚ ਗੁਰੂ-ਜੋਤਿ ਤੇ ਜੁਗਤ ਨੇ ਜੋ ਆਤਮਿਕ ਨਿੱਧੀ ਸਿਰਜੀ ਸੀ, ਵਰਨ-ਭੇਦ, ਜਾਤਿ-ਪਾਤਿ, ਕੁਲ-ਕ੍ਰਿਤ ਤੇ ਅਮੀਰੀ-ਗਰੀਬੀ ਵਿਰੁਧ ਜੋ ਸਮਾਜਕ ਏਕਤਾ ਤੇ ਬਰਾਬਰਤਾ ਦਾ ਮਾਣ ਸਥਾਪਿਤ ਕੀਤਾ ਸੀ, ਸਹਿਜ, ਸੂਰਬੀਰਤਾ ਤੇ ਸੁਰਖਿਆ ਦਾ ਜੋ ਪ੍ਰਭਾਵ ਦਿੱਤਾ ਸੀ, ਉਹ ਗੁਰੂ ਤੇਗ ਬਹਾਦਰ ਜੀ ਦਾ ਵਿਰਸਾ ਤਾਂ ਹੈ ਹੀ ਸੀ, ਕਿਉਂਕਿ ਗੁਰੂ ਜੋਤਿ ਤੇ ਜੁਗਤਿ ਦੇ ਅਧਿਕਾਰ ਦੇ ਸੁਆਮੀ ਤਾਂ ਗੁਰੂ ਤੇਗ ਬਹਾਦਰ ਜੀ ਬਣ ਗਏ ਸਨ, ਪਰ ਪਰੰਪਰਾਗਤ ਰੂਪ ਵਿਚ ਇਹ ਸਾਰਾ ਵਿਰਸੇ ਦਾ ਮਾਣ ਤੇ ਪ੍ਰਭਾਵ ਆਪਣੇ ਆਪ ਹੀ ਮਾਖੋ-ਵਾਲ ਨਾਲ ਜੁੜ ਗਿਆ। ਮਾਖੋਵਾਲ ਦੀ ਧਰਤੀ ਗੁਰੂ-ਛੋਹ ਤੇ ਗੁਰੂ-ਵਿਰਸੇ ਕਾਰਨ, ਖਾਸ ਕਰਕੇ ਸਿੱਖ-ਸੇਵਕਾਂ ਵਾਸਤੇ ਪੁੰਨ ਤੇ ਪਵਿੱਤਰ ਧਰਤੀ ਹੋ ਗਈ ਸੀ। ਗੁਰੂ-ਦਰਸ਼ਨ ਦੀਦਾਰ ਲਈ ਅਨੇਕਾਂ ਸਿੱਖ-ਸੇਵਕ ਇਥੇ ਆਉਂਦੇ ਅਤੇ ਉਪਦੇਸ਼ ਦੁਆਰਾ ਨਾਮ-ਸਿਮਰਨ, ਸੇਵਾ-ਪਰਉਪਕਾਰ, ਸਬਰ-ਸਿਦਕ ਤੇ ਸੰਤੋਖ-ਸਹਿਜ ਦੀ ਪ੍ਰੇਰਨਾ ਪ੍ਰਾਪਤ ਕਰਦੇ। ਗੁਰੂ ਦਰੋਂ ਖੁਸ਼ੀ-ਖੇੜਾ ਲੈ ਵਾਪਿਸ ਮੁੜਦੇ। ਮਾਖੋਵਾਲ ਨੂੰ ਸਿਰਜਨ ਤੇ ਸੰਵਾਰਨ ਹਿੱਤ ਜੋ ਯੋਗਦਾਨ



Digitized by Panjab Digital Library | www.panjabdigilib.org

ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਪਰਿਵਾਰ ਨੇ ਪਾਇਆ, ਸ਼ਾਇਦ ਉਸ ਦਾ ਹੀ ਫੱਲ ਸੀ ਕਿ ਗੁਰਸਿੱਖਾਂ ਨੇ 'ਮਾਖੋ' ਬਿਰਤੀ ਨੂੰ ਵਿਨਾਸ਼ ਤੇ ਸਮਾਪਤ ਕਰ ਕੇ, ਇਸ ਦਾ ਨਾਮ 'ਚੱਕ ਨਾਨਕੀ' ਰਖ ਦਿੱਤਾ। ਚੱਕ ਨਾਨਕੀ ਦੀ ਸਿਰਜਨਾ ਤੇ ਸੰਭਾਲ ਦੀਆਂ ਜ਼ਿੰਮੇਵਾਰੀਆਂ ਗੁਰਸਿੱਖਾਂ ਨੂੰ ਸੌਂਪ ਕੇ ਗੁਰੂ ਤੇਗ ਬਹਾਦਰ ਸਾਹਿਬ ਪਹਿਲਾਂ ਪੰਜਾਬ ਤੇ ਫਿਰ ਉੱਤਰੀ ਪ੍ਰਦੇਸ਼, ਬਿਹਾਰ ਤੇ ਆਸਾਮ ਦੀ ਯਾਤਰਾ ਵਲ ਗਏ ਸਨ।

( 3 )

1666 ਈ: ਵਿਚ ਗੁਰੂ ਤੇਗ ਬਹਾਦਰ ਜੀ ਦੇ ਗ੍ਰਿਹਿ, ਮਾਤਾ ਗੁਜਰੀ ਜੀ ਦੀ ਕੁਖੋਂ ਪਟਨਾ ਸਾਹਿਬ ਵਿਖੇ (ਗੁਰੂ) ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਲੱਗ ਭੱਗ 5–6 ਸਾਲ ਤਕ ਗੁਰੂ ਗੋਬਿੰਦ ਸਿੰਘ ਜੀ ਦਾ ਬਚਪਣ ਇਥੇ ਹੀ ਬੀਤਿਆ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਗੁਰੂ ਪਰਿਵਾਰ ਤੇ ਗੁਰਸਿੱਖਾਂ ਵਿਚ ਅਤਿਅੰਤ ਖੁਸ਼ੀ ਸੀ। ਔਰੰਗਜ਼ੇਬ ਦੀ ਸੰਪਰਦਾਇਕ ਨੀਤੀ ਕਾਰਨ ਪੰਜਾਬ ਦੀ ਸਥਿਤੀ ਇੰਨੀ ਮਾਨਸ–ਮਾਰੂ ਬਣ ਗਈ, ਕਿ ਉਨ੍ਹਾਂ ਨੂੰ ਯਾਤਰਾ ਛੱਡ ਪੰਜਾਬ ਵਾਪਿਸ ਆਉਣਾ ਪਿਆ। ਹਾਲਾਤ ਇਤਨੇ ਖਤਰਨਾਕ ਸਨ ਕਿ ਗੁਰੂ ਤੇਗ ਬਹਾਦਰ ਜੀ ਦਾ ਆਪਣੇ ਸਪੁੱਤਰ ਦੇ ਦਰਸ਼ਨ ਦੀਦਾਰ ਲਈ ਪੰਜਾਬ ਛੱਡ ਪਟਨਾ ਸਾਹਿਬ ਪਹੁੰਚਣਾ ਵੀ ਅਸੰਭਵ ਸੀ। ਪਿਤਾ ਗੁਰੂ ਤੇਗ ਬਹਾਦਰ ਜੀ ਦੀ ਹਾਰਦਿਕ ਇੱਛਾ ਕਾਰਨ ਹੀ 1672 ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ 'ਚੱਕ ਨਾਨਕੀ' (ਮਾਖੋਵਾਲ) ਵਿਖੇ ਲਿਆਂਦਾ ਗਿਆ। ਇਤਿਹਾਸਕ ਗ੍ਰੰਥਾਂ ਵਿਚ ਸੰਕੇਤ ਮਿਲਦੇ ਹਨ, ਕਿ ਜਦੋਂ ਹੋਣਹਾਰ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ 'ਚੱਕ ਨਾਨਕੀ' ਵਿਖੇ ਚਰਨ ਪਾਏ, ਤਾਂ ਸਾਰਾ ਵਾਤਾਵਰਣ ਅਨੰਦਮਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਨੰਦਮਈ ਵਾਤਾਵਰਣ ਵਿਚ ਹੋਰ ਵਾਧਾ ਕਰਨ ਲਈ ਗੁਰੂ ਅਮਰਦਾਸ ਜੀ ਦੀ ਰਚਿਤ 'ਅਨੰਦ' ਬਾਣੀ ਦਾ ਪਾਠ ਵੀ ਕੀਤਾ। ਗੁਰੂ–ਸਪੁੱਤਰ ਮਿਲਾਪ ਕਾਰਨ ਜੋ 'ਅਨੰਦ' ਉਪਜਿਆ, ਉਸ ਆਧਾਰਤ ਹੀ ਮਾਖੋਵਾਲ ਜਾਂ ਚੱਕ ਨਾਨਕੀ ਦਾ ਨਾਮ 'ਅਨੰਦਪੁਰ' ਰਖਿਆ ਗਿਆ। 'ਅਨੰਦਪੁਰ' ਦਾ ਭਾਵ ਹੈ ਉਹ 'ਪੁਰ' ਜਿਥੇ 'ਅਨੰਦ' ਹੀ 'ਅਨੰਦ' ਹੈ।

( 4 )

'ਅਨੰਦ' ਦਾ ਸਾਧਾਰਣ ਜਾਂ ਵਿਆਪਕ ਅਰਥ ਭਾਵੇਂ 'ਖੁਸ਼ੀ' ਲਿਆ ਜਾਂਦਾ ਹੈ, ਪਰ ਭਾਰਤੀ ਸ਼ਬਦਾਵਲੀ ਵਿਚ 'ਅਨੰਦ' ਸ਼ਬਦ ਸਦਾ ਆਤਮਕ ਪ੍ਰਸੰਨਤਾ ਵਾਸਤੇ ਹੀ ਵਰਤਿਆ ਜਾਂਦਾ ਰਿਹਾ ਹੈ। ਅਨੰਦ ਦਾ ਭਾਵ ਹੈ, ਉਹ ਮਾਨਸਿਕ ਖੁਸ਼ੀ ਜਿਹੜੀ ਨਿਰੰਤਰ ਬਣੀ ਰਹੇ। ਸੰਕਟ ਜਾਂ ਜ਼ੁਲਮ ਕਾਰਨ ਨਾ ਮੁੱਕੇ, ਨਾ ਭੱਜੇ। ਸ੍ਰੀ ਅਨੰਦਪੁਰ ਸਾਹਿਬ ਦੀ ਸਿਰਜਨਾ ਦਾ ਮੁਖ ਉਦੇਸ਼ ਹੀ ਇਹ ਸੀ, ਕਿ ਗੁਰਸਿੱਖਾਂ ਨੂੰ ਨਿਰੰਤਰ ਆਤਮਕ ਪ੍ਰਸੰਨਤਾ ਤੇ ਆਤਮਕ ਬੱਲ ਦਾ ਵਰਦਾਨ ਮਿਲਦਾ ਰਹੇ। ਗੁਰਸਿੱਖ ਸੰਕਟ ਵਿਚ ਹੋਵੇ ਜਾਂ ਜ਼ੁਲਮ ਦਾ ਸ਼ਿਕਾਰ ਹੋ ਰਿਹਾ ਹੋਵੇ, ਜੇ ਉਹ ਸ੍ਰੀ ਅਨੰਦਪੁਰ ਸਾਹਿਬ ਨਾਲ ਜੁੜਿਆ ਹੋਇਆ ਹੈ, ਤਾਂ ਗੁਰੂ ਗੋਬਿੰਦ ਸਿੰਘ ਜੀ



Digitized by Panjab Digital Library | www.panjabdigilib.org

ਸਹਿਜੇ ਹੀ ਤੇ ਲਗਾਤਾਰ ਉਸ ਨੂੰ ਆਤਮਕ ਪ੍ਰਸੰਨਤਾ ਪ੍ਰਦਾਨ ਕਰਦੇ ਹਨ ਤੇ ਬਲਿ ਸੇਤੀ ਜੀਊਣ ਦਾ ਵਰਦਾਨ ਵੀ ਦਿੰਦੇ ਹਨ। ਆਤਮਕ ਪ੍ਰਸੰਨਤਾ 'ਗੁਰੂ' ਦਾ ਪਿਆਰਾ ਬਣਨ ਵਿਚ ਹੈ, ਤੇ ਬਲਿ ਸੇਤੀ ਜੀਵਨ 'ਗੁਰੂ' ਨੂੰ ਸਿਰ ਅਰਪਣ ਕਰਨ ਵਿਚ ਹੈ। 1699 ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉਤੇ ਜੋ ਬਚਿੱਤਰ ਨਾਟਕ ਖੇਡਿਆ, ਉਸ ਦਾ ਹੀ ਇਕ ਪ੍ਰਤੀਕਰਮ ਸੀ, ਕਿ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਪੰਜਾਂ ਗੁਰਸਿੱਖਾਂ ਨੇ ਗੁਰੂ ਸਨਮੁਖ ਆਪਣੇ ਸੀਸ ਭੇਟ ਕਰ ਦਿੱਤੇ। ਕਿਉਂਕਿ ਤਨ, ਮਨ, ਧਨ ਸਭ ਗੁਰੂ ਨੂੰ ਸੌਂਪ ਕੇ ਹੀ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਜਾ ਸਕਦੀ ਸੀ। ਜਿਨ੍ਹਾਂ ਪੰਜਾ ਗੁਰਸਿੱਖਾਂ ਨੇ ਸਭ ਤੋਂ ਪਹਿਲਾਂ ਵਾਰੀ ਵਾਰੀ—ਗੁਰੂ ਸਨਮੁਖ ਸੀਸ ਅਰਪਣ ਕੀਤਾ, ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਅੰਮ੍ਰਿਤ ਛਕਾ ਕੇ, 'ਪਿਆਰਾ' ਹੋਣ ਦਾ ਮਾਣ ਵੀ ਦਿੱਤਾ। ਪਿਆਰਾ ਹੋਣ ਦਾ ਮਾਣ ਇੰਨਾ ਦਿੱਤਾ, ਕਿ ਪੰਜਾਂ ਨੂੰ ਗੁਰੂ-ਪ੍ਰਮੇਸ਼ਰ ਮੰਨ ਕੇ, ਆਪ ਉਹਨਾਂ ਪਾਸੋਂ ਅੰਮ੍ਰਿਤ ਛਕ ਲਿਆ। ਅੰਮ੍ਰਿਤ ਛਕਾਉਣ ਤੇ ਅੰਮ੍ਰਿਤ ਛੱਕਣ ਵੇਲੇ ਵਰਨ, ਕੁਲ, ਜਾਤਿ ਤੇ ਰੰਗ-ਰੂਪ ਦੇ ਜਿੰਨੇ ਵੀ ਭੇਦ-ਭਰਮ ਸਨ, ਉਹ ਗੁਰੂ-ਪਿਆਰਿਆਂ ਵਿਚੋਂ ਸਹਿਜੇ ਹੀ ਬਿਨਸ ਗਏ ਤੇ ਬੰਦ ਬੰਦ ਵਿਚੋਂ ਆਤਮਕ ਪ੍ਰਸੰਨਤਾ ਤੇ ਬਲਿ ਸੇਤੀ ਜੀਊਣ ਦਾ ਸਵੈਮਾਣ ਉਜਾਗਰ ਹੋਣ ਲਗ ਪਿਆ। ਸ੍ਰੀ 'ਅਨੰਦਪੁਰ' ਸਾਹਿਬ ਸੱਚ ਮੁਚ ਹੀ ਗੁਰਸਿੱਖਾਂ ਲਈ ਆਤਮਕ ਪ੍ਰਸੰਨਤਾ ਤੇ ਸਵੈਮਾਣ ਨਾਲ ਜੀਊਣ ਦਾ ਪ੍ਰੇਰਨਾ ਬਿੰਦੂ ਹੈ।

( 5 )

ਸ੍ਰੀ ਅਨੰਦਪੁਰ ਸਾਹਿਬ ਨੂੰ ਅਧਿਆਤਮਿਕ ਦ੍ਰਿਸ਼ਟੀ ਤੋਂ ਦੇਖੋ ਜਾਂ ਸਿਰਜਨਾਤਮਿਕ ਦ੍ਰਿਸ਼ਟੀ ਤੋਂ ਵੇਖੋ, 'ਹਾਰ ਤੇ ਨਿਰਾਸ਼ਾ' 'ਅਨੰਦਪੁਰ' ਦੇ ਜੀਵਨ ਆਦਰਸ਼ ਦਾ ਕਦੀ ਵੀ ਅੰਗ ਨਹੀਂ ਰਹੇ। ਗੁਰੂ ਗੋਬਿੰਦ ਸਿੰਘ ਜੀ ਹਾਲਾਂ ਨੌਂ ਸਾਲ ਦੇ ਸਨ—ਹਿੰਦੂ ਧਰਮ ਦੀ ਸੁਰਖਿਆ ਨਮਿੱਤ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹਾਦਤ ਦੇਣ ਲਈ ਦਿੱਲੀ ਭੇਜ ਦਿੱਤਾ ਹੈ। ਭੇਜਣ ਵੇਲੇ ਅੰਦਰ ਬਾਹਰ ਪ੍ਰਸੰਨਤਾ ਅਤੇ ਜਾਹੁ ਜਲਾਲ ਹੀ ਹੈ, ਨਿਰਾਸ਼ਾ, ਡਰ ਤੇ ਸਹਿਮ ਦੀ ਭਾਵਨਾ ਬਿਲਕੁਲ ਨਹੀਂ। ਸ਼ਹੀਦੀ ਪਿਛੋਂ ਪਿਤਾ ਗੁਰੂ ਤੇਗ ਬਹਾਦਰ ਜੀ ਦਾ ਕੱਟਿਆ ਸੀਸ ਝੋਲੀ ਵਿਚ ਹੈ, ਪਰ ਹਿਰਦੇ ਵਿਚ ਜੈ ਜੈਕਾਰ ਦੀ ਭਾਵਨਾ ਪ੍ਰਚੰਡ ਹੈ। ਔਰੰਗਜ਼ੇਬੀ ਹਕੂਮਤ ਦਾ ਹੱਥ ਠੋਕਾ ਬਣ ਕੇ, ਆਲੇ-ਦੁਆਲੇ ਦੇ ਪਹਾੜੀ ਰਾਜੇ ਦੁਸ਼ਮਣੀ ਕਮਾਉਣ ਵਲ ਵੱਧ ਰਹੇ ਹਨ, ਪਰ ਗੁਰੂ ਗੋਬਿੰਦ ਸਿੰਘ ਜੀ ਭਾਰਤੀ ਆਤਮਾ ਨੂੰ ਜਾਗ੍ਰਿਤੀ ਤੇ ਬੱਲ ਪ੍ਰਦਾਨ ਕਰਨ ਲਈ ਪਾਉਂਟਾ ਸਾਹਿਬ ਵਿਖੇ ਕਵਿਤਾ-ਭੰਡਾਰ ਤੇ ਕਵੀ-ਦਰਬਾਰ ਕੇਂਦਰਿਤ ਕਰ ਰਹੇ ਹਨ। ਜੇ ਪਹਾੜੀ ਰਾਜਿਆਂ ਨੇ ਹਮਲਾ ਕਰ ਦਿੱਤਾ, ਤਾਂ ਭੰਗਾਣੀ ਤੇ ਨਦੌਣ ਦੇ ਯੁੱਧਾਂ ਵਿਚ ਪੂਰੀ ਨਿਡਰਤਾ ਨਾਲ ਜੂਝ ਵੀ ਪਏ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਭਾਵੇਂ ਚੜ੍ਹਦੀ ਜਵਾਨੀ ਵਾਲੀ ਹੈ, ਪਰ ਉਹਨਾਂ ਦੀ ਮਾਨਸਿਕ ਇਕਾਗਰਤਾ, ਸਿਰਜਨਾਤਮਿਕ ਸੋਚਣੀ, ਸੂਰਬੀਰ ਵਿਹਾਰ, ਚੜ੍ਹਦੀ ਕਲਾ ਲਈ ਸਮਰਪਣ ਬਿਰਤੀ,



Digitized by Panjab Digital Library | www.panjabdigilib.org

ਮਰਦਾਨਗੀ ਜਜ਼ਬਾ ਤੇ ਕੌਮ ਨੂੰ ਸੰਪੂਰਨ ਤੇ ਨਿਆਰਾ ਰੂਪ ਦੇਣ ਦਾ ਚਾਅ ਏਨਾ ਤੀਬਰ ਤੇ ਵਧੇਰੇ ਹੈ, ਕਿ ਉਹ ਲਗਾਤਾਰ 'ਅਜਿੱਤ' ਹੀ ਮੂਰਤੀਮਾਨ ਹੁੰਦੇ ਹਨ। ਅਨੁਭਵ ਤੇ ਅਜਿੱਤ ਵਾਤਾਵਰਣ ਵਿਚ ਜੀਉਣ ਵਾਲਾ ਸਦਾ ਪ੍ਰਸੰਨਤਾ ਤੇ ਸਵੈਮਾਣ ਵਿਚ ਜੀਂਉਦਾ ਹੈ—ਨਿਰਾਸ਼ਾ ਤੇ ਹਾਰ ਉਸ ਦੇ ਜੀਵਨ ਦਾ ਅੰਗ ਨਹੀਂ ਬਣ ਸਕਦੇ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨੁਭਵ ਤੇ ਅਜਿੱਤ ਜਜ਼ਬੇ ਨੂੰ ਸਾਕਾਰ ਕਰਨ ਵਾਸਤੇ ਹੀ ਸ੍ਰੀ ਅਨੰਦਪੁਰ ਸਾਹਿਬ ਦੀ 'ਕਿਲਾ-ਉਸਾਰੀ' ਇਸ ਢੰਗ ਦੀ ਕੀਤੀ, ਕਿ ਵੱਡੇ ਤੋਂ ਵੱਡਾ ਵਿਰੋਧੀ ਤੇ ਮਾਰੂ ਹਮਲਾ ਵੀ ਉਹਨਾਂ ਨੂੰ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਸੀ ਪਹੁੰਚਾ ਸਕਦਾ। 1699 ਈ: ਦੇ ਵੈਸਾਖੀ ਦਿਵਸ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ੮0,000 ਸਿੱਖਾਂ ਨੂੰ ਅੰਮ੍ਰਿਤ ਛਕਾ ਕੇ, ਮੌਤ ਦੀ ਮੁਹਤਾਜਗੀ ਤੋਂ ਮੁਕਤ ਤੇ ਅਜਿੱਤ ਭਾਵਨਾ ਪ੍ਰਦਾਨ ਕਰਕੇ, ਜਿਵੇਂ 'ਖਾਲਸਾ' (ਅਕਾਲ ਪੁਰਖ ਦੀ ਫੌਜ) ਸਜਾਇਆ ਤੇ 'ਖਾਲਸੇ' ਦਾ ਨਿਆਰਾ ਰੂਪ ਪ੍ਰਗਟਾਇਆ, ਉਸ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਇਕ ਸੁਤੰਤਰ ਤੇ ਖਾਲਸਾ ਕੌਮ ਸਿਰਜਣ ਦੀ ਜਨਮ ਭੂਮੀ ਹੋਣ ਦਾ ਮਾਣ ਵੀ ਮਿਲ ਗਿਆ ਤੇ ਇਤਿਹਾਸਕ ਨਕਸ਼ੇ ਵਿਚ ਵੀ ਸ੍ਰੀ ਅਨੰਦਪੁਰ ਸਾਹਿਬ ਦੀ ਪ੍ਰਸਿੱਧੀ ਤੇ ਮਾਨਤਾ ਹੋਰ ਵੱਧ ਗਈ। ਨਿਸਚੇ ਹੀ 'ਸ੍ਰੀ ਅਨੰਦਪੁਰ ਸਾਹਿਬ' ਖਾਲਸਾ ਕੌਮ ਦੀ ਆਤਮਿਕ ਪ੍ਰਸੰਨਤਾ, ਅਜਿੱਤ ਤੇ ਨਿਡਰ ਭਾਵਨਾ, ਨਿਆਰੇ ਸਰੂਪ ਤੇ ਜੱਥੇਬੰਦਕ ਸ਼ਕਤੀ ਦਾ ਪ੍ਰਤੀਕ ਵੀ ਹੈ ਤੇ ਪ੍ਰੇਰਨਾ ਸਰੋਤ ਵੀ ਹੈ।

( 6 )

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਧਰਮ-ਯੁੱਧਾਂ' ਲਈ ਵੀ ਸਰਬ-ਪ੍ਰਿਯ ਹੈ। ਧਰਮ ਤੇ ਦੇਸ਼ ਦੀ ਆਜ਼ਾਦੀ ਲਈ, ਖਾਸ ਕਰਕੇ ਦੁਸ਼ਟਾਂ ਤੇ ਦੋਖੀਆਂ ਨੂੰ ਪਛਾੜਣ ਲਈ, ਇਸੇ ਪਵਿੱਤਰ ਧਰਤੀ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਤੇ ਮੁਗ਼ਲ ਹਕੂਮਤ ਨਾਲ 17 ਯੁੱਧ ਲੜੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਯੁੱਧ ਧਰਮ ਤੇ ਦੇਸ਼ ਦੀ ਆਜ਼ਾਦੀ ਲਈ ਸਨ। ਜਿਵੇਂ ਯੁੱਧਾਂ ਵਿਚ ਧਰਤੀ ਦੇ ਕਬਜ਼ੇ ਤੇ ਲੁਟ ਖਸੁਟ ਦੀ ਭਾਵਨਾ ਪ੍ਰਧਾਨ ਹੁੰਦੀ ਹੈ—ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ ਵਿਚ ਅਜਿਹੀ ਕੋਈ ਵੀ ਪਕੜ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਯੁੱਧ ਹਕੂਮਤ ਦੇ ਜ਼ੁਲਮ ਵਿਰੁਧ ਸਨ। ਇਸੇ ਕਰਕੇ ਗੁਰੂ ਸਾਹਿਬ ਦੀਆਂ ਫੌਜਾਂ ਵਿਚ ਪੀਰ ਬੁੱਧੂ ਸ਼ਾਹ ਵਰਗੇ ਇਨਸਾਫ ਪਸੰਦ ਯੋਧੇ ਵੀ ਸਨ। ਜੇ ਧਰਮ ਯੁੱਧਾਂ ਵਿਚ ਕੋਈ ਰਾਜ ਜਾਂ ਧਰਤੀ ਉਤੇ ਕਬਜ਼ੇ ਦੀ ਭਾਵਨਾ ਹੁੰਦੀ, ਤਾਂ 40,000 ਮੁਗ਼ਲਾਂ ਵਿਰੁਧ 40 ਸਿੰਘ ਕਦੀ ਵੀ ਜਾਨ ਦੀ ਬਾਜ਼ੀ ਨਾ ਲਾਉਂਦੇ। ਸਾਰਾ ਸਰਬੰਸ ਤੇ ਅਨੇਕਾਂ ਸਿੱਖ ਸ਼ਹੀਦ ਕਰਵਾ ਕੇ ਵੀ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ 'ਜ਼ਫਰਨਾਮਾ' ਤੇ 'ਫਤਹਿ ਨਾਮਾ' ਲਿਖਿਆ, ਤਾਂ ਉਸ ਵੇਲੇ ਵੀ ਉਹਨਾਂ ਦੇ ਬੋਲ ਵਿਚ ਬੱਲ ਵੀ ਸੀ ਤੇ ਨਿਡਰਤਾ ਵੀ ਸੀ। ਜਿੱਤ ਦਾ ਆਤਮ ਵਿਸ਼ਵਾਸ ਤਾਂ ਉਹਨਾਂ ਦੀ ਸਮੁੱਚੀ ਉਮਰ ਵਿਚ ਸਥਿਰ ਰਿਹਾ ਹੈ। ਹਾਰ ਤੇ ਨਿਰਾਸਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਕਦੀ ਵੀ ਅੰਗ ਨਹੀਂ ਬਣ ਸਕੇ। ਸ੍ਰੀ ਅਨੰਦਪੁਰ ਸਾਹਿਬ ਦਾ ਬੋਲ ਸਦਾ ਜੇਤੂ ਰਿਹਾ ਹੈ।



Digitized by Panjab Digital Library | www.panjabdigilib.org

# ਵੈਸਾਖੀ ਵਾਲਾ ਦਿਨ

ਪ੍ਰਸਿੱਧ ਵਿਦਵਾਨ **ਪ੍ਰਿੰਸੀਪਲ ਸਤਿਬੀਰ ਸਿੰਘ ਜੀ**

ਉਂਝ ਤਾਂ ਸਾਲ ਦਾ ਹਰ ਦਿਹਾੜਾ ਸਿੱਖ ਇਤਿਹਾਸ ਵਿਚ ਕੋਈ ਨਾ ਕੋਈ ਘਟਨਾ ਲੁਕਾਈ ਬੈਠਾ ਹੈ, ਪਰ ਵੈਸਾਖੀ ਵਾਲਾ ਦਿਨ ਖਾਸ ਮਹੱਤਤਾ ਰਖਦਾ ਹੈ। ਇਹ ਦਿਨ ਜਦ ਵੀ ਆਉਂਦਾ ਹੈ, ਆਪਣੇ ਨਾਲ ਅਨੇਕਾਂ ਯਾਦਾਂ ਲੈ ਆਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਚਾਰ ਦੌਰੇ, ਜੋ ਵੈਸਾਖੀ ਵਾਲੇ ਦਿਹਾੜੇ ਹੀ ਅਰੰਭ ਹੋਏ ਸਨ, ਤੋਂ ਲੈ ਕੇ ਪੰਜਾਬ ਦੀ ਵੰਡ ਤੱਕ, ਇਹ ਦਿਨ ਜਦ ਵੀ ਆਇਆ, ਕੋਈ ਨਾ ਕੋਈ ਪੈਗਾਮ, ਪ੍ਰੋਗਰਾਮ ਜਾਂ ਵਾਰਤਾ ਦੇ ਕੇ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਗੱਦੀ ਬੈਠਣ ਵੇਲੇ ਤੱਕ ਇਹ ਦਿਨ ਉਤਸ਼ਾਹ ਨਾਲ ਮਨਾਇਆ ਜਾਣ ਲਗ ਪਿਆ ਸੀ। ਗੋਇੰਦਵਾਲ ਦੀ ਬਉਲੀ ਸਾਹਿਬ ਦਾ ਕੜ ਉਸੇ ਦਿਨ ਟੁੱਟਣ ਕਰਕੇ ਸਿੱਖ ਗੁਰੂ ਦੇ ਦਰਸ਼ਨ ਨੂੰ ਪੁਜਦੇ ਸਨ। ਸੋ ਗੁਰੂ ਗੋਬਿੰਦ (ਸਿੰਘ) ਜੀ ਨੇ ਚਾਰੇ ਪਾਸੇ ਹੁਕਮਨਾਮੇ ਭੇਜੇ ਕਿ ਪਹਿਲੀ ਵੈਸਾਖ 1756 (30 ਮਾਰਚ 1699) ਨੂੰ ਸਿੱਖ ਅਨੰਦਪੁਰ ਪਹੁੰਚਣ। ਪਰਚਾਰਕ ਵੀ ਭੇਜੇ ਗਏ ਕਿ ਉਹ ਸਿੱਖਾਂ ਨੂੰ ਪ੍ਰੇਰ ਕੇ ਅਨੰਦਪੁਰ ਸਾਹਿਬ ਲਿਆਉਣ।

30 ਮਾਰਚ ਨੂੰ ਕੇਸ ਗੜ੍ਹ ਦੇ ਕਿਲ੍ਹੇ ਵਿਚ ਭਾਰੀ ਦੀਵਾਨ ਸਜਾਇਆ ਗਿਆ। ਵੱਡੇ ਦੀਵਾਨ ਅਸਥਾਨ ਦੇ ਨਾਲ ਇਕ ਛੋਟਾ ਜਿਹਾ ਤੰਬੂ ਲਗਾਇਆ ਗਿਆ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਗੁਰੂ ਜੀ ਨੇ ਆਪਣੀ ਕਿਰਪਾਨ ਮਿਆਨ ਵਿਚੋਂ ਕੱਢ ਕੇ ਉਸ ਇਕੱਠ ਨੂੰ ਬੁਲਾਉਣ ਦਾ ਮੰਤਵ ਗੱਜ ਕੇ ਦਸਿਆ ਅਤੇ ਫ਼ੁਰਮਾਇਆ : ਕੋਈ ਹੈ ਜੋ ਧਰਮ ਉਤੇ ਜਾਨ ਵਾਰਨ ਲਈ ਤਿਆਰ ਹੋਵੇ। ਸਾਰੇ ਪਾਸੇ ਚੁੱਪ ਛਾ ਗਈ। ਥੋੜੀ ਦੇਰ ਉਪਰੰਤ ਭਾਈ ਦਇਆ ਰਾਮ ਲਾਹੌਰ ਵਾਲੇ ਉਠੇ ਤੇ ਉਹਨਾਂ ਆਪਣਾ ਸੀਸ ਭੇਟ ਕੀਤਾ। ਇਸੇ ਤਰ੍ਹਾਂ ਵਾਰੀ ਵਾਰੀ ਚਾਰ ਹੋਰ ਭਾਈ ਧਰਮ ਦਾਸ ਦਿੱਲੀ, ਭਾਈ ਹਿੰਮਤ ਰਾਏ ਜਗਨ ਨਾਥ ਪੁਰੀ, ਭਾਈ ਮੁਹਕਮ ਚੰਦ ਦੁਆਰਕਾ ਤੇ ਭਾਈ ਸਾਹਿਬ ਚੰਦ ਬਿਦਰ ਦੇ ਰਹਿਣ ਵਾਲਿਆਂ ਨੇ ਸੀਸ ਹਵਾਲੇ ਕੀਤੇ। ਗੁਰੂ ਜੀ ਨੇ ਉਨ੍ਹਾਂ ਪੰਜਾਂ ਨੂੰ 'ਪਿਆਰੇ' ਕਿਹਾ, ਕਿਉਂਕਿ ਉਨ੍ਹਾਂ ਪੰਜਾਂ ਨੇ ਸਰੀਰ ਤੋਂ ਉਚੇ ਉਠ ਗੁਰੂ ਨਾਲ 'ਪਿਆਰ' ਕੀਤਾ ਸੀ। ਪੰਜਾਂ ਨੂੰ ਅੰਮ੍ਰਿਤ ਛਕਾ ਕੇ 'ਸਿੰਘ' ਦਾ ਨਾਮ ਦਿੱਤਾ ਤੇ ਫਿਰ ਪੰਜਾਂ ਕੋਲੋਂ ਆਪ ਅੰਮ੍ਰਿਤ ਛੱਕਣ ਦੀ ਯਾਚਨਾ ਕੀਤੀ ਤੇ ਛਕਿਆ। ਸੰਸਾਰ ਦੇ ਧਾਰਮਕ ਇਤਿਹਾਸ ਵਿਚ ਇਸ ਦੇ ਤੁਲ ਕੋਈ ਘਟਨਾ ਨਹੀਂ, ਕਿ ਕੋਈ ਗੁਰੂ



Digitized by Panjab Digital Library | www.panjabdigilib.org

ਆਪਣੇ ਸਾਜੇ ਸੇਵਕਾਂ ਕੋਲੋਂ ਅੰਮ੍ਰਿਤ ਛਕੇ। ਇਹ ਇਕ ਅਦੁੱਤੀ ਤੇ ਇਨਕਲਾਬੀ ਸਾਕਾ ਸੀ। ਉਸ ਦਿਨ 3000 ਸਿੰਘਾਂ ਨੇ 'ਖੰਡੇ ਬਾਟੇ' ਦਾ ਅੰਮ੍ਰਿਤ ਛਕਿਆ। ਇਹ ਦਿਨ ਇਸ ਕਰਕੇ ਵੀ ਅਲੌਕਿਕ ਹੈ ਕਿ ਕਿਸੇ ਕੌਮ ਦਾ ਜਨਮ ਦਿਨ ਨੀਯਤ ਨਹੀਂ ਲੱਭ ਸਕਦਾ, ਪਰ ਖਾਲਸੇ ਦਾ ਜਨਮ ਦਿਨ ਲੱਭਦਾ ਹੈ—ਇਹ ਅਸਲੀਅਤ ਹੈ। ਲੈਪਲ ਗ੍ਰਿਫਨ ਨੇ ਇਸ ਅਲੌਕਿਕ ਘਟਨਾ ਨੂੰ ਪੜ੍ਹ ਕੇ ਹੀ ਲਿਖਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਉਸ ਤਰ੍ਹਾਂ ਸਜਾਇਆ ਜਿਵੇਂ ਜੂਪੀਟਰ ਨੇ ਆਪਣੇ ਪੱਟਾਂ ਵਿਚੋਂ ਮਿਨਰਵਾ ਪੈਦਾ ਕੀਤਾ ਸੀ ਜਾਂ ਜਿਵੇਂ ਦੁਰਗਾ ਨੇ ਆਪਣੇ ਮੱਥੇ ਵਿਚੋਂ ਚੰਡੀ ਪੈਦਾ ਕੀਤੀ। ਇਸ ਚੰਡੀ ਨੇ ਜ਼ਾਲਮ ਦਾ ਖ਼ੂਨ ਪੀਣ ਦਾ ਪ੍ਰਣ ਕੀਤਾ ਤੇ ਜ਼ੁਲਮਾਂ ਨੂੰ ਸਦਾ ਰੋਕ ਪਾਉਣ ਦਾ ਐਲਾਨ ਕੀਤਾ। ਵੈਸਾਖੀ ਦੇ ਸਾਰੇ ਪ੍ਰਣ ਜ਼ੁਲਮਾਂ ਨੂੰ ਰੋਕ ਪਾਉਣ ਦੇ ਹੀ ਪ੍ਰਣ ਹਨ।

ਵੈਸਾਖੀ ਸਿੱਖਾਂ ਦਾ ਅੰਗ ਬਣ ਗਈ। ਖਾਲਸੇ ਦਾ ਜਨਮ ਦਿਨ ਹੋਣ ਕਰਕੇ ਵੈਸਾਖੀ ਨਾਲ ਸੰਬੰਧ ਅਟੁੱਟ ਹੋ ਗਏ। ਵੈਸਾਖੀ ਮਨਾਉਣ ਦਾ ਅਸਥਾਨ ਵੀ ਅੰਮ੍ਰਿਤਸਰ ਬਣ ਗਿਆ। ਸ੍ਰੀ ਅੰਮ੍ਰਿਤਸਰ ਦੀ ਮਹੱਤਤਾ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਹੀ ਟੁਰੀ ਆ ਰਹੀ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ-ਜਾਉਣ ਉਪਰੰਤ ਤਾਂ ਕੇਂਦਰ ਹੀ ਬਣ ਗਿਆ। ਸਾਰਾ ਸਿੱਖ ਇਤਿਹਾਸ 'ਅੰਮ੍ਰਿਤਸਰ', 'ਦੀਵਾਲੀ' ਤੇ 'ਵੈਸਾਖੀ' ਦੁਆਲੇ ਹੀ ਘੁੰਮਣ ਲਗਾ। ਵੈਸਾਖੀ ਸਾਡੇ ਲਈ ਉਹ ਦਿਨ ਬਣ ਗਿਆ, ਜੋ ਸਾਨੂੰ ਜ਼ੁਲਮਾਂ ਦਾ ਟਾਕਰਾ ਕਰਨ ਲਈ ਪ੍ਰੇਰਨਾ ਦਿੰਦਾ ਹੈ, ਪੰਥ ਭਲਾਈ ਲਈ ਗੁਰਮਤੇ ਕਰਨ ਦਾ ਅਉਸਰ ਬਖਸ਼ਦਾ ਤੇ ਜਥੇਬੰਦੀ ਮਜ਼ਬੂਤ ਕਰਨ ਦਾ ਨਵਾਂ ਉਤਸ਼ਾਹ ਭਰਦਾ ਹੈ। ਕੁਝ ਕੁ ਵੈਸਾਖੀਆਂ ਦਾ ਵਰਨਣ ਵੀ ਇਸੇ ਆਸ਼ੇ ਨੂੰ ਪਰਗਟਾ ਦੇਵੇਗਾ। 1721 ਦੀ ਵੈਸਾਖੀ ਸਾਨੂੰ ਯਾਦ ਕਰਾਉਂਦੀ ਰਹਿੰਦੀ ਹੈ ਕਿ 'ਪੰਥ' ਨੂੰ ਸਦੀਵੀ ਫੁਟ ਤੋਂ ਕਿਵੇਂ ਬਚਾਇਆ। ਜਦ 'ਬੰਦਈ ਤੇ ਤਤ ਖਾਲਸਾ' ਦੀਆਂ ਝੜਪਾਂ ਨਿਤ ਦੀਆਂ ਖੇਡਾਂ ਬਣ ਗਈਆਂ ਤਾਂ ਭਾਈ ਮਨੀ ਸਿੰਘ ਜੀ ਨੇ ਤਜ਼ਵੀਜ਼ ਪੇਸ਼ ਕੀਤੀ ਕਿ ਦੋ ਚਿੱਟਾਂ, ਇਕ ਉਤੇ ਬੰਦਈ ਖਾਲਸੇ ਦਾ ਜੰਗੀ ਨਾਅਰਾ 'ਫਤਹਿ ਦਰਸ਼ਨ' ਤੇ ਦੂਜੀ ਉਤੇ 'ਵਾਹਿਗੁਰੂ ਜੀ ਕੀ ਫਤਹਿ' ਲਿਖ ਕੇ ਹਰਿ ਕੀ ਪੌੜੀ—ਅੰਮ੍ਰਿਤ ਸਰੋਵਰ ਵਿਚ ਸੁਟੀਆਂ ਜਾਣ, ਜਿਸ ਦੀ ਪਰਚੀ ਉਪਰ ਤਕ ਆਏਗੀ, ਉਹ ਹੀ ਪੰਥ ਦੀ ਵਾਗ ਡੋਰ ਸੰਭਾਲੇ। ਗਵਾਹੀ ਪੰਥ ਪ੍ਰਕਾਸ਼ ਨੇ ਇਸ ਪ੍ਰਕਾਰ ਭਰੀ ਹੈ :—

> "ਜਿਸ ਕੀ ਚਿਠੀ ਆਪ ਹੀ ਤਰ ਕਰ ਉਪਰਿ ਆਇ।
> ਪੰਥ ਵਹੀ ਮਾਲਕ ਬਨੈ ਸਬ ਗੁਰਦੁਆਰਨ ਕਾਇ।"

ਕਰਨਾ ਕੁਦਰਤ ਦਾ ਕਿ ਕੁਝ ਸਮੇਂ ਲਈ ਤਾਂ ਦੋਵੇਂ ਚਿੱਟਾਂ ਡੁਬੀਆਂ ਹੀ ਰਹੀਆਂ, 'ਏਕ ਬੇਰ ਸਭ ਡੁਬ ਗਈ, ਸਿਖ ਡਰੇ ਬਧੇਰੀ ਜੋ ਕਰ ਚਿਠੀ ਨਾਹਿ ਏਕ ਭੀ ਉਪਰ ਐ ਹੈ, ਤੋਂ ਗੁਰਦੁਆਰੇ ਤੁਰਕ ਵੀਨ ਹਮ ਤੇ ਸਭ ਲੇ ਹੈ। ਉਸ ਸਮੇਂ ਸਾਰਿਆਂ ਮਨ ਹੀ ਮਨ ਅਰਦਾਸ ਕੀਤੀ ਤੇ ਸਾਰੇ ਇਕ ਇਕ ਅੰਮ੍ਰਿਤ ਸਰੋਵਰ ਵਲ ਨੀਝ ਲਗਾ ਕੇ ਦੇਖਦੇ ਰਹੇ—



Digitized by Panjab Digital Library | www.panjabdigilib.org

ਜਿਵੇਂ ਈਦ ਦੇ ਚੰਦ ਦੀ ਉਡੀਕ ਰੋਜ਼ਿਆਂ ਉਪਰੰਤ ਕੀਤੀ ਜਾਂਦੀ ਹੈ' —'ਇਤਨੇ ਮੈਂ ਇਕ ਨਿਕਸੀ ਚਿਠੀ। ਨਿਸੀ ਸਮਾਨ ਸਰਬ ਨੇ ਡਿਠੀ ਜਾਇ ਮੁੜ ਸਥੈ ਨੇ ਸੋ ਪੜ੍ਹੀ। ਸਭਾ ਪਾਧੈ ਜਬ ਊਚੇ ਪੜ੍ਹੀ। ਫਤਹਿ ਗੁਰੂ ਕੀ ਤਰੀ ਅਨਿਆਸ। ਡੁਬੀ ਔਰ ਸਭਨ ਕੀ ਆਸ। 'ਵਾਹਿਗੁਰੂ ਕੀ ਫਤਹਿ' ਦੀ ਜਿੱਤ ਦਾ ਐਲਾਨ ਹੋ ਜਾਣ ਉਪਰੰਤ ਸਿੱਖਾਂ ਨੂੰ 'ਪੰਥ ਦੀ ਜੀਤ' ਦਾ ਵਿਸ਼ਵਾਸ ਹੋ ਗਿਆ। ਇਸ ਵੈਸਾਖੀ ਨੇ ਪੰਥ ਵਿਚੋਂ ਪਾਟਕ ਖਤਮ ਕਰ ਦਿਤੀ।

ਫਿਰ, 29 ਮਾਰਚ 1748 ਦੀ ਵੈਸਾਖੀ ਸਾਹਮਣੇ ਆਂਦੀ ਹੈ। ਨਾਦਰ ਸ਼ਾਹ ਦੁਰਾਨੀ ਦੇ ਮਗਰੋਂ ਅਹਿਮਦ ਸ਼ਾਹ ਨੇ ਹਿੰਦੁਸਤਾਨ ਉਤੇ ਧਾਵਾ ਬੋਲਣ ਦਾ ਐਲਾਨ ਕਰ ਦਿੱਤਾ। ਸਿੱਖਾਂ ਨੂੰ ਸੂਹ ਮਿਲ ਗਈ। 1748 ਦੀ ਵੈਸਾਖੀ ਦੇ ਇਕੱਠ ਵਿਚ ਨਵਾਬ ਕਪੂਰ ਸਿੰਘ ਜੀ ਨੇ ਆ ਰਹੇ ਖਤਰੇ ਤੋਂ ਜਾਣੂ ਕਰਾਇਆ, ਕਿ ਪੰਜਾਬ ਨ ਹਿੰਦੂ, ਨ ਮੁਸਲਮਾਨ, ਪੰਜਾਬ ਗੁਰੂ ਦਾ ਹੈ ਤੇ ਸਿੱਖਾਂ ਨੂੰ ਜਾਨ ਵਾਰ ਇਸ ਦੀ ਰਕਸ਼ਾ ਕਰਨੀ ਚਾਹੀਦੀ ਹੈ। 'ਇਕ ਆਗੂ, ਇਕ ਆਦਰਸ਼, ਇਕੋ ਜਥੇਬੰਦੀ' ਦਾ ਨਾਅਰਾ ਨਵਾਬ ਕਪੂਰ ਸਿੰਘ ਜੀ ਨੇ ਲਗਾਇਆ। ਆਗੂ ਉਹਨਾਂ ਆਪਣੀ ਹੱਥੀਂ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਥਾਪਿਆ। ਜਥੇਬੰਦੀ ਦਲ ਖਾਲਸਾ ਸਾਜੀ ਤੇ ਆਦਰਸ਼ 'ਰਾਜ ਕਰੇਗਾ ਖਾਲਸਾ' ਉਥੇ ਹੀ ਜੁੜ ਸਰਬਤ ਖਾਲਸਾ ਜੀ ਨੇ ਗੁਰਮਤਾ ਕੀਤਾ ਕਿ 'ਪੰਜਾਬ' ਖਾਲਸੇ ਦੀ ਜਨਮ ਭੂਮੀ ਹੈ, ਇਸ ਉਤੇ ਹੋਇਆ ਹਮਲਾ ਸਿੱਖਾਂ ਉਤੇ ਹੋਇਆ ਹਮਲਾ ਗਿਣਿਆ ਜਾਵੇਗਾ ਤੇ ਹਰ ਉਸ ਸਾਜਸ਼ ਤੇ ਹਮਲੇ ਨੂੰ ਨਾਕਾਮ ਬਣਾ ਦਿਤਾ ਜਾਵੇਗਾ, ਜੋ ਪੰਜਾਬ ਨੂੰ ਅਫਗਾਨ ਸਾਮਰਾਜ ਨਾਲ ਮਿਲਾਉਣ ਲਈ ਕੀਤਾ ਜਾਵੇਗਾ। ਉਸ ਗੁਰਮਤੇ ਦੀ ਪੂਰਤੀ ਲਈ ਵੱਖ ਵੱਖ ਜਥੇਦਾਰਾਂ ਨੇ ਪ੍ਰਣ ਕੀਤੇ ਤੇ ਪ੍ਰੋਗਰਾਮ ਬਣੇ। ਇਹ ਸਚਾਈ ਹੈ ਕਿ ਉਨ੍ਹਾਂ ਬਜ਼ੁਰਗਾਂ ਦੀ ਘਾਲਣਾ ਦਾ ਸਦਕਾ ਪੰਜਾਬ ਅਫਗਾਨ ਸਾਮਰਾਜ ਦਾ ਹਿੱਸਾ ਬਣਨਾ ਤਾਂ ਇਕ ਪਾਸੇ, ਸੁਤੰਤਰ ਹੋ ਸੰਸਾਰ ਵਿਚ ਚਮਕਿਆ। **ਪੰਜਾਬ ਸਿੱਖਾਂ ਵਲੋਂ ਹਿੰਦੁਸਤਾਨ ਨੂੰ ਦੇਣ ਹੈ ਤੇ ਹਿੰਦੁਸਤਾਨ ਨੂੰ ਸਿੱਖਾਂ ਦਾ ਰਿਣੀ ਹੋਣਾ ਤੇ ਰਹਿਣਾ ਚਾਹੀਦਾ ਹੈ।**

ਵੈਸਾਖੀ ਦੀ ਤੀਸਰੀ ਝਾਕੀ 10 ਅਪ੍ਰੈਲ 1763 ਨੂੰ ਦਿਸ ਆਉਂਦੀ ਹੈ। ਲਾਹੌਰ ਜਿਤ ਕੇ ਸਿੱਖ ਵੈਸਾਖੀ ਸ੍ਰੀ ਅੰਮ੍ਰਿਤਸਰ ਮਨਾ ਹੀ ਰਹੇ ਸਨ ਕਿ ਇਕ ਬ੍ਰਾਹਮਣ ਨੇ ਆ ਫਰਿਆਦ ਕੀਤੀ, ਕਿ ਕਸੂਰ ਦੇ ਨਵਾਬ ਉਸਮਾਨ ਖਾਨ ਨੇ ਉਸ ਦੀ ਨਵ-ਵਿਆਹੁਤੀ ਪਤਨੀ ਨੂੰ ਜ਼ਬਰਦਸਤੀ ਘਰੀਂ ਪਾ ਲਿਆ ਹੈ ਤੇ ਸਿੱਖ ਉਸਦੀ ਇੱਜ਼ਤ ਬਚਾਉਣ। ਸਿੱਖ ਦੁਚਿਤੇ ਸਨ ਕਿ ਹੁਣ ਹੀ ਹਮਲਾ ਕੀਤਾ ਜਾਏ ਜਾਂ ਰੁਕ ਕੇ, ਕਿਉਂਕਿ ਵੱਡੀ ਤਾਕਤ ਘਲੂਘਾਰਾ ਨੇ ਜ਼ਾਇਆ ਕਰ ਦਿਤੀ ਸੀ ਅਤੇ ਅਬਦਾਲੀ ਦਾ ਹੋਰ ਹਮਲਾ ਸਿਰ ਉਤੇ ਸੀ। ਅਜੇ ਇਹ ਵਿਚਾਰ ਹੋ ਹੀ ਰਹੀ ਸੀ, ਕਿ ਭਾਈ ਹਰੀ ਸਿੰਘ ਜੀ ਭੰਗੀ ਨੇ ਗੱਜ ਕੇ ਕਿਹਾ, 'ਤੁਮ ਚਲੋ, ਕਉਰ ਨ ਚਲੋ, ਹਮ ਤੋ ਚਲੋ ਜ਼ਰੂਰ ਹੈ।' ਸਿੱਖ ਦਾ ਫਰਜ਼ ਹੈ ਕਿ ਦੂਸਰੇ ਦੀ ਮਾਂ ਬੇਟੀ ਨੂੰ ਆਪਣੀ ਮਾਂ ਬੇਟੀ ਸਮਝ ਰਖਿਆ ਕਰੇ। ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੇ



Digitized by Panjab Digital Library | www.panjabdigilib.org

ਵੀਚਾਰ ਪੇਸ਼ ਕੀਤੀ, ਕਿ ਗੁਰੂ ਵਾਕ ਲਿਆ ਜਾਵੇ, ਜੋ ਹੁਕਮ ਆਵੇ ਉਸ ਉਤੇ ਸਾਰੇ ਅਮਲ ਕਰਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਤਾਂ ਹੁਕਮ ਸੀ :—

"ਥਿਰ ਘਰਿ ਬੈਸਹੁ ਹਰ ਜਨ ਪਿਆਰੇ ॥
ਸਤਿਗੁਰ ਤੁਮਰੇ ਕਾਜ ਸਵਾਰੇ ॥ ਰਹਾਉ ॥
ਦੁਸ਼ਟ ਦੂਤ ਪਰਮੇਸ਼ਰਿ ਮਾਰੇ ॥ ਜਨ ਕੀ ਪੈਜ ਰਖੀ ਕਰਤਾਰੇ ॥

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :—

"ਜਸੇ ਸਿੰਘ ਸਰਦਾਰ, ਭਾਖਯੋ ਵਿਚਾਰ,
ਅਬ ਚਲੋ ਦਰਬਾਰ ਵਾਕ ਚਾਹੀਏ ਗੁਰੂ ਲਯੋ।
ਜਾਏ ਖੜੇ ਸਾਰੇ ਗੁਰੂ ਗ੍ਰੰਥ ਜੀ ਪੁਕਾਰੇ,
ਪੈਜ ਰਾਖੀ ਕਰਤਾਰੇ, ਦੂਤ ਦੁਸ਼ਟ ਕਰੇ ਖਯੋ।
ਸੁਨਕੇ ਮਹਾਨ, ਮੋਦ ਪੰਥ ਮਾਨ ਸਹੀ,
ਬਾਂਟ ਕੇ ਤਿਹਾਵਲੈ ਉਤਾਵਲੈ ਚੂਢੇ ਪਯੋ।"

ਸਰਦਾਰ ਹਰੀ ਸਿੰਘ ਭੰਗੀ ਨੇ ਉਸ ਸਮੇਂ ਹੋਰ ਜਥਿਆਂ ਸਮੇਤ ਚੜ੍ਹਾਈ ਕੀਤੀ ਤੇ ਬ੍ਰਾਹਮਣ ਦੀ ਪਤਨੀ ਮੋੜ ਕੇ ਉਸਦੇ ਘਰ ਪਹੁੰਚਾਈ।

ਗੱਲ ਕੀ ਇਹ 'ਵੈਸਾਖੀ' ਖਾਲਸੇ ਦਾ ਸੰਸਾਰ ਦੇ ਲੋਕਾਂ ਪ੍ਰਤੀ ਪ੍ਰਣ ਹੈ ਕਿ ਉਹ ਨਿਆਰਾ ਰਹਿ ਜ਼ੁਲਮਾਂ ਨਾਲ ਟਕਰਾਂਦਾ ਰਵੇਗਾ ਤੇ ਮਜ਼ਲੂਮਾਂ ਉਤੇ ਹੋਇਆ ਹਰ ਅਤਿਆਚਾਰ ਓਹ ਆਪਣੇ ਸੀਨੇ ਉਤੇ ਝੱਲਣ ਲਈ ਤੱਤਪਰ ਹੈ। ਖੁਸ਼ੀ ਵਿਚ ਉਹ ਅਰਦਾਸ ਨਹੀਂ ਭੁਲਦਾ ਤੇ ਦੁੱਖਾਂ ਵਿਚ ਚੜ੍ਹਦੀ ਕਲਾ ਦਾ ਸਹਾਰਾ ਨਹੀਂ ਛਡਦਾ। ਇਹ ਹੈ ਵੈਸਾਖੀ ਵਾਲਾ ਦਿਨ ਤੇ ਉਸਦੀ ਕੁਝ ਕੁ ਝਲਕ।

**ਖਾਲਸਾ ਜੀ ! ਅੰਮ੍ਰਿਤ ਛਕੋ ਤੇ ਸਿੰਘ ਸਜੋ !**

**੧੯੯੯**

**ਖਾਲਸੇ ਦੀ ਤੀਸਰੀ ਜਨਮ ਸ਼ਤਾਬਦੀ ਦਾ ਸਾਲ ਹੈ।**



Digitized by Panjab Digital Library | www.panjabdigilib.org

# ਗੁਰੂ ਗੋਬਿੰਦ ਸਿੰਘ ਦਾ ਚਿੱਟਾ ਬਾਜ਼

ਸੱਚਖੰਡਵਾਸੀ **ਡਾਕਟਰ ਤਾਰਨ ਸਿੰਘ ਜੀ**

( 1 )

ਸੂਖਮ ਵਿਚਾਰਾਂ ਤੇ ਭਾਵਾਂ ਨੂੰ ਕੇਵਲ ਸੰਕੇਤਾਂ, ਚਿੰਨਾਂ, ਬਿੰਬਾਂ ਤੇ ਅਲੰਕਾਰਾਂ ਦੁਆਰਾ ਹੀ ਬਿਆਨ ਕੀਤਾ ਜਾਂਦਾ ਹੈ। ਸਭਿਆਚਾਰ ਦੇ ਸ੍ਰੇਸ਼ਟ ਵਿਚਾਰਾਂ ਤੇ ਭਾਵਾਂ ਨੂੰ ਕੇਵਲ ਚਿੰਨਾਂ ਦੁਆਰਾ ਹੀ ਪ੍ਰਗਟ ਕੀਤਾ ਗਿਆ ਹੈ। ਮਿਥਿਹਾਸ ਦੇ ਸਾਰੇ ਸਰੂਪ ਕਿਸੇ ਸੂਖਮ, ਸਭਿਆ-ਚਾਰਕ, ਆਤਮਿਕ ਤੇ ਰਹਿਸਮਈ ਵਿਚਾਰਾਂ ਨੂੰ ਪ੍ਰਗਟ ਕਰਦੇ ਹਨ। ਸ਼ਿਵ ਦਾ ਚਿੱਤਰ ਕਈ ਸੂਖਮ, ਸਭਿਆਚਾਰਕ, ਆਤਮਿਕ ਤੇ ਇਖਲਾਕੀ ਕੀਮਤਾਂ ਦਾ ਚਿੱਤਰ ਹੈ। ਇਸੇ ਤਰ੍ਹਾਂ ਹੋਰ ਸਰੂਪਾਂ ਦੇ ਵੀ ਸੰਕੇਤਕ ਅਰਥ ਹਨ, ਜਿੰਨਾਂ ਦੀ ਭਾਵਨਾ ਆਤਮਿਕ ਤੇ ਸਦਾਚਾਰਕ ਕੀਮਤਾਂ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬੀਆਂ ਨੂੰ ਇਕ ਸਭਿਆਚਾਰਕ ਪ੍ਰਤੀਕ 'ਚਿੱਟੇ ਬਾਜ਼' ਦਾ ਦਿੱਤਾ ਹੈ। ਚਿੱਟਾ ਬਾਜ਼ ਦੁਰਲੱਭ ਹੈ, ਪਰ ਸਭਿਆਚਾਰਕ ਮਨੁੱਖ ਵੀ ਦੁਰਲੱਭ ਚੀਜ਼ ਹੈ। ਚਿੱਟੇ ਬਾਜ਼ ਵਿਚ ਦੋ ਸੰਕੇਤ ਹਨ : ਇਕ ਚਿਟੇ ਰੰਗ ਦਾ, ਦੂਜਾ ਪੰਛੀਆਂ ਵਿਚੋਂ ਸ੍ਰੇਸ਼ਟ ਬਲਧਾਰੀ ਪੰਛੀ ਬਾਜ਼ ਦਾ। ਸਮੁੱਚੇ ਤੌਰ ਤੇ 'ਚਿੱਟਾ ਬਾਜ਼', 'ਸੰਤ ਸਿਪਾਹੀ' ਦਾ ਸੰਕੇਤਕ ਹੈ। ਸਾਰੇ ਸੰਸਾਰ ਵਿਚ ਚਿੱਟੇਪਨ ਨੂੰ ਉੱਤਮ ਕੀਮਤਾਂ, ਪਵਿੱਤਰਤਾ, ਨਿਰਦੋਸ਼ਤਾ, ਸ਼ਾਂਤਮਈ ਤੇ ਸੱਚ ਦਾ ਸੰਕੇਤ ਮੰਨਿਆ ਗਿਆ ਹੈ। ਚਿੱਟਾ ਰੰਗ ਸੰਤ ਦੇ ਆਦਰਸ਼ ਦਾ ਚਿੰਨ੍ਹ ਹੈ। ਬਾਜ਼ ਸ਼ਕਤੀਵਾਨ ਪੰਛੀ ਹੈ, ਜਿਸ ਵਿਚ ਆਤਮਿਕ ਆਦਰਸ਼ ਉਹ ਹੈ, ਜੋ ਸ਼ੇਰ ਜਾਂ ਸਿੰਘ ਵਿਚ ਹੈ। ਬਾਜ਼ ਨੂੰ ਕੋਈ ਕੈਦ ਪ੍ਰਵਾਨ ਨਹੀਂ। ਉਸਦਾ ਬਸੇਰਾ ਪਹਾੜਾਂ ਦੀਆਂ ਚੱਟਾਨਾਂ ਹਨ। ਬਾਜ਼ ਸ਼ਾਹੀ ਪੰਛੀ ਦੇ ਤੁਲ ਹੈ। ਸ਼ਾਹੀ ਪੰਛੀ ਦਾ ਆਚਰਣ ਤੇ ਸੁਭਾਅ ਪੰਜਾਬ ਦੇ ਕਵੀ ਇਕਬਾਲ ਨੇ ਬਹੁਤ ਚੰਗੀ ਤਰ੍ਹਾਂ ਉਲੀਕਿਆ ਹੈ : ਸ਼ਾਹੀ ਅਸਮਾਨਾਂ ਵਿਚ ਵਿਚਰਨ ਵਾਲਾ ਸੁਤੰਤਰਤਾ ਪ੍ਰੇਮੀ ਪੰਛੀ ਹੈ। ਜਿਸ ਦੀ ਉਡਾਨ ਅਗੇ ਤੋਂ ਅਗੇ, ਨਵੇਂ ਤੋਂ ਨਵੇਂ ਆਕਾਸ਼ ਵਲ ਜਾ ਰਹੀ ਹੈ। ਇਹ ਬੱਲ ਨਾਲ ਹੀ ਸੰਭਵ ਹੈ। ਬਾਜ਼ ਉਸ ਸਿਪਾਹੀ ਦਾ ਚਿੰਨ੍ਹ ਹੈ, ਜੋ ਸੁਤੰਤਰ ਰਹਿ ਕੇ ਅਗਾਂਹ ਉਚੇ ਤੋਂ ਉਚੇ ਆਦਰਸ਼ ਨੂੰ ਪਹੁੰਚਣਾ ਚਾਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਨਿਸ਼ਾਨਾ ਉਹ ਖਾਲਸ ਮਨੁੱਖ ਪੈਦਾ ਕਰਨਾ ਸੀ, ਜੋ ਖਲਾਸੀ ਪਾ ਕੇ ਆਜ਼ਾਦ ਹੋ ਚੁਕਾ ਹੈ, ਜੋ ਉਚੇ ਆਦਰਸ਼ਾਂ ਤੇ ਨਿਸ਼ਾਨਾਂ ਨੂੰ ਛੋਹਣਾ ਚਾਹੁੰਦਾ ਹੈ। ਜਿਸ ਵਿਚ ਆਪਣੀ ਤੇ ਹੋਰਾਂ ਦੀ



Digitized by Panjab Digital Library | www.panjabdigilib.org

ਆਜ਼ਾਦੀ ਕਾਇਮ ਰੱਖਣ ਦੀ ਅਸਮਰੱਥਾ ਹੈ, ਜੋ ਸੰਤ ਸਿਪਾਹੀ ਹੈ । ਇਸ ਲਈ ਪੰਜਾਬ ਦੇ ਸਭਿਆਚਾਰ ਦਾ ਇਕ ਚਿੰਨ੍ਹ ਚਿੱਟਾ ਬਾਜ਼ ਹੀ ਮੰਨਿਆ ਜਾ ਸਕਦਾ ਹੈ ।

( 2 )

ਗੁਰੂ ਗੋਬਿੰਦ ਸਿੰਘ ਜੀ ਦਾ ਸੰਤ ਸਿਪਾਹੀ ਦਾ ਸਿਧਾਂਤ ਅੱਗੇ ਫਿਰ ਕਈ ਹੋਰ ਚਿੰਨ੍ਹਾਂ ਨਾਲ ਸਪਸ਼ਟ ਕੀਤਾ ਗਿਆ ਹੈ । ਉਨ੍ਹਾਂ ਚਿੰਨ੍ਹਾਂ ਨੂੰ ਸਦਾਚਾਰਕ ਤੇ ਸਭਿਆਚਾਰਕ ਕੀਮਤਾਂ ਦਿਤੀਆਂ ਹੋਈਆਂ ਹਨ । ਆਮ ਬੋਲ ਚਾਲ ਜਾਂ ਸਿਧਾਂਤਕ ਸ਼ਬਦਾਵਾਲੀ ਵਿਚ ਉਨ੍ਹਾਂ ਨੂੰ ਰਹਿਤਾਂ ਤੇ ਕੁਰਹਿਤਾਂ ਕਹਿੰਦੇ ਹਨ, ਪਰ ਅਸਲ ਵਿਚ ਉਹ ਪੰਜਾਬੀ ਸਭਿਆਚਾਰ ਦੀਆਂ ਵਿਲੱਖਣ ਕੀਮਤਾਂ ਹਨ ।

ਰਹਿਤਾਂ ਵਿਚ ਕੇਸ, ਕੰਘਾ ਤੇ ਕੱਛ ਇਕ ਜੁੱਟ ਹਨ, ਜੋ ਸੰਤ ਦੀਆਂ ਇਖਲਾਕੀ ਤੇ ਆਦਰਸ਼ਕ ਕੀਮਤਾਂ ਨੂੰ ਪ੍ਰਗਟ ਕਰਦੇ ਹਨ । ਕ੍ਰਿਪਾਨ ਤੇ ਕੜਾ ਇਕ ਜੁੱਟ ਹਨ, ਜੋ ਸਿਪਾਹੀ ਦੀਆਂ ਕੀਮਤਾਂ ਨੂੰ ਪ੍ਰਗਟ ਕਰਦੇ ਹਨ ।

ਕੇਸ ਕਈ ਧਾਰਨਾਵਾਂ ਦੇ ਲਖਾਇਕ ਹਨ । ਪਹਿਲੀ ਧਾਰਨਾ ਇਹ ਹੈ ਕਿ ਸੰਸਾਰਕ ਜੀਵਨ ਵਿਚੋਂ ਭੱਜਣਾ ਨਹੀਂ ਹੈ ਅਤੇ ਸੰਨਿਆਸੀ ਨਹੀਂ ਬਣਨਾ ਹੈ । ਸੰਨਿਆਸੀ ਮੁੰਡਨ ਕਰਾ ਕੇ ਸੰਸਾਰਕ ਜੀਵਨ ਤੋਂ ਜਾਂ ਗ੍ਰਿਹਸਥ ਜੀਵਨ ਤੋਂ ਪਰੇ ਹੋ ਜਾਂਦੇ ਹਨ । ਪਰ ਸੰਤ ਦਾ ਲਛਣ ਇਹ ਹੈ ਕਿ ਉਹ ਸੰਸਾਰ ਵਿਚ ਹੀ ਸੰਨਿਆਸ ਧਾਰਨ ਕਰ ਲੈਂਦਾ ਹੈ, ਗ੍ਰਿਹਸਥ ਵਿਚ ਹੀ ਨਿਰਲੇਪ ਤੇ ਉਦਾਸ ਰਹਿ ਕੇ ਵਿਚਰਦਾ ਹੈ । ਪੰਜਾਬੀ ਸਭਿਆਚਾਰ ਦੀ ਪਹਿਲੀ ਕੀਮਤ ਇਹ ਹੈ, ਕਿ ਜੀਵਨ ਘੋਲ ਨੂੰ ਆਪਣੀ ਸਮਰੱਥਾ ਨਾਲ ਨਿਭਾਣਾ, ਕਾਰ ਵਿਹਾਰ ਕਰਨਾ ਅਤੇ ਮਿਹਨਤ ਨਾਲ ਚੰਗੇਰਾ ਸੰਸਾਰ ਉਸਾਰਨਾ । ਕੇਸ ਇਸ ਪ੍ਰਣ ਦੇ ਲਖਾਇਕ ਹਨ । ਕੇਸ ਉਸ ਧਾਰਨਾ ਦੇ ਲਖਾਇਕ ਵੀ ਹਨ, ਜਿਸਨੂੰ ਭਾਈ ਗੁਰਦਾਸ ਸਿੰਘ ਜੀ ਨੇ ਆਪਣੀ ਵਾਰ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ :—

ਵਹਿ ਉਪਜਿਓ ਚੇਲਾ ਮਰਦ ਕਾ ਮਰਦਾਨ ਸਦਾਏ ॥
ਜਿਨਿ ਸਭ ਪ੍ਰਿਥਵੀ ਕਉ ਜੀਤ ਕਰਿ ਨੀਸਾਨ ਝੁਲਾਏ ॥
ਤਬ ਸਿੰਘਨ ਕੋ ਬਖਸ਼ ਕਰਿ ਬਹੁ ਸੁਖ ਦਿਖਲਾਏ ॥
ਫਿਰ ਸਭ ਪ੍ਰਿਥਵੀ ਕੋ ਉਪਰੇ ਹਾਕਮ ਠਹਿਰਾਏ ॥

ਕੇਸ ਉਹ ਮਰਦ ਦਰਸ਼ਨ ਹਨ, ਜੋ 'ਮਰਦਾਨ' ਹੈ, ਜਿਸ ਵਿਚ ਮਰਦਾਨਗੀ ਹੈ । ਇਹ ਸਾਹਸ ਤੇ ਦ੍ਰਿੜ੍ਹਤਾ, ਜੁਰਅੱਤ ਤੇ ਬਹਾਦਰੀ, ਇਖਲਾਕ ਤੇ ਸ੍ਰੇਸ਼ਟਤਾ ਦੇ ਚਿੰਨ੍ਹ ਹਨ । ਇਹ ਮਰਦਾਨਗੀ ਦੇ ਚਿੰਨ੍ਹ ਹਨ ਤੇ ਪੰਜਾਬੀ ਸਭਿਆਚਾਰ ਤੋਂ ਇਹ ਸਿਧਾਂਤ ਪ੍ਰਵਾਨ ਕਰਦੇ ਹਨ ਕਿ ਜੀਵਨ ਵਿਚ ਸਦਾ ਦਲੇਰੀ ਤੇ ਜੁਰਅੱਤ ਨਾਲ ਜੀਣਾ ਹੈ । ਕੇਸ ਇਕ ਨਿਸ਼ਾਨ ਵੀ ਹਨ । ਨਿਸ਼ਾਨ ਦਾ ਭਾਵ ਝੰਡਾ ਹੈ, ਪਰ ਝੰਡਾ ਇਹ ਪ੍ਰਗਟ ਕਰਦਾ ਹੈ, ਕਿ ਇਸ ਕੌਮ ਦਾ ਜਾਂ



Digitized by Panjab Digital Library | www.panjabdigilib.org

ਇਸ ਸੰਸਥਾ ਦਾ ਜਿਸ ਤੇ ਉਹ ਨਿਸ਼ਾਨ ਝੂਲ ਰਿਹਾ ਹੈ, ਆਦਰਸ਼ ਕੀ ਹੈ ਅਤੇ ਉਸਦਾ ਉਦੇਸ਼ ਕੀ ਹੈ ? ਇਸ ਤਰ੍ਹਾਂ 'ਕੇਸ' ਵਿਸ਼ਵਾਸਾਂ, ਆਦਰਸ਼ਾਂ ਅਤੇ ਉਦੇਸ਼ ਨੂੰ ਪ੍ਰਗਟ ਕਰਦੇ ਹਨ। ਕੇਸਾਂ ਵਾਲਿਆਂ ਨੂੰ 'ਰਾਜ ਕਰੇਗਾ ਖਾਲਸਾ' ਦੀ ਯਾਚਨ ਕਰਦਿਆਂ ਭੈ ਨਹੀਂ ਲਗਦਾ। ਉਨ੍ਹਾਂ ਨੂੰ ਇਹ ਕਹਿੰਦਿਆਂ ਕੋਈ ਭੈ ਨਹੀਂ ਹੈ ਕਿ ਅਸੀਂ ਨੜੀਮਾਰਾਂ, ਕੁੜੀਮਾਰਾਂ, ਮੀਣਿਆਂ, ਤੇ ਮਸੰਦਾਂ ਨਾਲ ਨਹੀਂ ਵਰਤਾਂਗੇ। ਉਹ ਸਾਰੇ ਸੰਸਾਰ ਨਾਲੋਂ ਵੱਖ ਦਿੱਸਣ ਦੀ ਜੁਰਅੱਤ ਰਖਦੇ ਹਨ। ਕਿਉਂਕਿ ਉਹ ਆਮ ਪ੍ਰਚੱਲਤ ਕਮਜ਼ੋਰੀਆਂ ਤੋਂ ਉੱਚਾ ਰਹਿਣਾ ਚਾਹੁੰਦੇ ਹਨ, ਜਿਨ੍ਹਾਂ ਦਾ ਸਾਰਾ ਸੰਸਾਰ ਸ਼ਿਕਾਰ ਹੈ। ਉਹ ਤਮਾਕੂ ਨਹੀਂ ਪੀਂਦੇ ਤੇ ਇਸਨੂੰ ਬਿਖ ਕਹਿੰਦੇ ਹਨ, ਭਾਵੇਂ ਸਾਰਾ ਸੰਸਾਰ ਪੀਂਦਾ ਹੈ। ਉਹ ਆਦਰਸ਼ ਕਰਕੇ ਨਸ਼ੇ ਦੇ ਵਿਰੋਧੀ ਹਨ, ਭਾਵੇਂ ਬਹੁਤਾ ਸੰਸਾਰ ਸ਼ਰਾਬ ਨੂੰ ਸਭਿਆਚਾਰ ਦਾ ਅੰਗ ਬਣਾਈ ਜੀਅ ਰਿਹਾ ਹੈ। ਉਨ੍ਹਾਂ ਦੇ ਅਜਾਇਬ ਘਰਾਂ ਵਿਚ ਉਹ ਆਪ ਬੀਤੀ ਦੇ ਚਿੱਤਰ ਹਨ, ਜਿਨ੍ਹਾਂ ਨੂੰ ਵੇਖ ਕੇ ਲੋਕ ਭੈਭੀਤ ਹੋ ਜਾਂਦੇ ਹਨ ਅਤੇ ਆਪਣੇ ਮੱਥੇ ਤੋਂ ਕਲੰਕ ਧੋਣ ਲਈ ਉਨ੍ਹਾਂ ਚਿੱਤਰਾਂ ਨੂੰ ਹੀ ਫਬਤ ਕਰ ਦੇਣ ਦੀ ਹਕਾਮਤ ਕਰਦੇ ਹਨ। ਕੇਸਾਂ ਵਾਲੇ ਆਪੇ ਨਾਲ ਬੀਤੀ ਘਟਨਾ ਨੂੰ ਦੱਸ਼ਣ ਵਿਚ ਹਰਜ਼ ਨਹੀਂ ਮੰਨਦੇ। ਕੇਸ ਉਹ ਹਨ, ਜਿਨ੍ਹਾਂ ਨੂੰ ਅੰਗਰੇਜ਼ੀ ਵਿਚ Courage of conviction ਆਖਦੇ ਹਨ। ਪਰ ਕੇਸਾਂ ਨਾਲ ਕੰਘਾ ਹੈ। ਸਿੱਖ ਆਪਣੇ ਵਿਚਾਰਾਂ ਨੂੰ ਮੁੜ ਪੜਤਾਲਣ ਵਿਚ ਯਕੀਨ ਰਖਦੇ ਹਨ। ਉਹ ਮੁਰਦਾ ਹੋ ਗਏ ਵਿਚਾਰਾਂ ਨੂੰ ਉਸੇ ਤਰ੍ਹਾਂ ਕੱਢ ਦੇਂਦੇ ਹਨ ਜਿਵੇਂ ਮਰ ਚੁਕੇ ਕੇਸਾਂ ਨੂੰ ਕੱਢ ਦੇਂਦੇ ਹਨ। ਕੰਘਾ ਕੇਸਾਂ ਨੂੰ ਮੈਲਾ ਨਹੀਂ ਰਹਿਣ ਦੇਂਦਾ। ਪੰਜਾਬੀ ਆਪਣੇ ਵਿਚਾਰਾਂ ਤੇ ਭਾਵਨਾਵਾਂ ਨੂੰ ਮੈਲਾ ਨਹੀਂ ਹੋਣ ਦੇਂਦਾ। ਕੰਘਾ ਸਫਾਈ, ਸਵੈ-ਪੜਤਾਲ, ਮੁਰਦਾ ਰਸਮਾਂ ਰਿਵਾਜਾਂ, ਮੁਰਦਾ ਹੋ ਗਏ ਖਿਆਲਾਂ ਨੂੰ ਕੱਢਣ ਦਾ ਚਿੰਨ੍ਹ ਹੈ। ਇਹ ਵੀ ਸੰਤ ਦਾ ਲੱਛਣ ਹੈ। ਕੇਸ ਵੀ ਸੰਤ ਦਾ ਲੱਛਣ ਹੈ। ਕੇਸਾਂ ਵਿਚ ਜੋ ਆਦਰਸ਼ ਹੈ, ਉਹ ਸੰਤ ਦਾ ਹੈ। ਕੱਛ ਵੀ ਸੰਤ ਦੇ ਆਚਰਣ ਦਾ ਚਿੰਨ੍ਹ ਹੈ। ਉਹ ਜਤ ਦਾ ਆਧਾਰ ਹੈ।

( 3 )

ਜਿਸ ਸੰਤ ਆਚਰਣ ਨੂੰ ਕੇਸ, ਕੰਘਾ ਤੇ ਕੱਛਾ ਪ੍ਰਗਟ ਕਰਦੇ ਹਨ, ਉਹ ਸਿਪਾਹੀ ਦੇ ਆਚਰਣ ਦੇ ਬਿਲਕੁਲ ਅਨੁਕੂਲ ਹੈ। ਜੁਰਅੱਤ ਤੇ ਬਹਾਦਰੀ ਹੀ ਇਹ ਆਚਰਣ ਪ੍ਰਦਾਨ ਕਰ ਸਕਦੇ ਹਨ, ਪਰ ਸੰਤ ਦਾ ਚਿੰਨ੍ਹ ਚਿੱਟੇ ਬਾਜ਼ ਦੇ ਸਭਿਆਚਾਰ ਵਿਚ ਕ੍ਰਿਪਾਨ ਤੇ ਕੜਾ ਹੈ, ਜੋ ਸਿਪਾਹੀ ਦੀ ਵਿਸ਼ੇਸ਼ਤਾ ਹੈ। ਸਿਪਾਹੀ ਦਾ ਚਿੰਨ੍ਹ ਕ੍ਰਿਪਾਨ ਹੈ। ਜੋ ਅਨ੍ਹਿਆਂ ਤੇ ਅਧਰਮ ਵਿਰੁਧ ਲੜਨ ਦੀ ਪ੍ਰੇਰਨਾ ਤੇ ਸਾਹਸ ਦਿੰਦੀ ਹੈ। ਪਰ ਕੜਾ ਰਖਵਾਲੀ ਰਖਦਾ ਹੈ, ਕਿ ਕ੍ਰਿਪਾਨ ਦੀ ਗਲਤ ਵਰਤੋਂ ਨਾ ਹੋਵੇ। ਕ੍ਰਿਪਾਨ ਦੀ ਵਰਤੋਂ ਬਾਹੇ ਗੁਰੂ ਗੋਬਿੰਦ ਸਿੰਘ ਜੀ ਦੀ ਹਦਾਇਤ ਇਸ ਤਰ੍ਹਾਂ ਹੈ :—

ਨਮੋ ਸਸਤ੍ਰ ਪਾਣੇ। ਨਮੋ ਅਸਤ੍ਰ ਮਾਣੇ !
ਨਮੋ ਪਰਮ ਗਿਆਤਾ। ਨਮੋ ਲੋਕ ਮਾਤਾ ॥

ਪਰਮ ਗਿਆਤਾ ਹੋ ਕੇ ਲੋਕਮਾਤਾ ਬਣਨ ਦੀ ਭਾਵਨਾ ਨਾਲ ਸ਼ੱਸਤ੍ਰ ਵਰਤੇਗਾ ਅਤੇ



Digitized by Panjab Digital Library | www.panjabdigilib.org

ਪੂਰੀ ਤਰ੍ਹਾਂ ਨਿਸਚਾ ਕਰਕੇ ਕਿ ਕਿਸ ਧਿਰ ਨੇ ਬੇ-ਇਨਸਾਫ਼ੀ ਕੀਤੀ ਹੈ, ਉਸ ਵਿਰੁਧ ਵਰਤੇਗਾ ।

( 4 )

ਕੁਰਹਿਤਾਂ ਚਾਰ ਹਨ : ਕੋਈ ਸੰਤ ਜਾਂ ਕੋਈ ਸਿਪਾਹੀ ਇਹ ਚਾਰ ਔਗੁਣ ਨਹੀਂ ਕਰੇਗਾ ।

(1) ਆਪਣੇ ਆਪ ਦੀ ਸ਼ਨਾਖਤ ਨੂੰ ਲੁਕਾਉਣਾ । ਜਿਸਦਾ ਭਾਵ ਹੈ ਆਪਣੇ ਵਿਚਾਰਾਂ, ਆਪਣੇ ਵਿਸ਼ਵਾਸਾਂ ਨੂੰ ਲੁਕਾਉਣਾ । ਕੇਸਾਂ ਨੂੰ ਤਿਆਗਣ ਦਾ ਭਾਵ ਉਨ੍ਹਾਂ ਸਾਰੇ ਸਿਧਾਂਤਾਂ ਨੂੰ ਪਿੱਠ ਦੇਣਾ ਹੈ, ਜਿਨ੍ਹਾਂ ਦੀ ਵਿਆਖਿਆ ਉਪਰ ਕੀਤੀ ਗਈ ਹੈ । ਜਿਥੇ ਆਪਣੇ ਵਿਸ਼ਵਾਸਾਂ ਦੀ ਦ੍ਰਿੜ੍ਹਤਾ ਨਹੀਂ ਹੈ ਅਤੇ ਉਨ੍ਹਾਂ ਦਾ ਮਾਣ ਨਹੀਂ ਹੈ, ਉਥੇ ਸ਼ਹਾਦਤ ਜਾਂ ਬੀਰਤਾ ਅਸੰਭਵ ਹੈ । ਹਰ ਸਿਪਾਹੀ ਨੇ ਆਪਣੇ ਵਿਸ਼ਵਾਸਾਂ, ਉਦੇਸ਼ਾਂ, ਆਦਰਸ਼ਾਂ ਲਈ ਲੜਨਾ ਹੈ । ਸਿਪਾਹੀ ਦੀ ਸ਼ਾਂਤਮਈ ਇਸੇ ਗੱਲ ਵਿਚ ਹੈ ਕਿ ਉਹ ਆਪਣੇ ਮਿਥੇ ਆਦਰਸ਼ਾਂ ਲਈ ਸ਼ਹੀਦ ਹੋ ਜਾਵੇ । ਸੋ ਕੇਸਾਂ ਨੂੰ ਪਿੱਠ ਦੇਣ ਦਾ ਭਾਵ ਆਪਣੇ ਆਦਰਸ਼ਾਂ ਨੂੰ ਪਿੱਠ ਦੇਣਾ ਹੈ । ਇਸ ਤੋਂ ਵੱਡੀ ਕੋਈ ਕੁਰਹਿਤ ਨਹੀਂ ਹੋ ਸਕਦੀ ।

(2) ਕੁੱਠੇ ਦੀ ਵਰਤੋਂ ਆਪਣੇ ਇਤਿਹਾਸਕ ਹਾਲਾਤ ਵਿਚ ਇਸ ਗੱਲ ਦਾ ਚਿੰਨ੍ਹ ਸੀ, ਕਿ ਮੁਸਲਮਾਨੀ ਹਕੂਮਤ ਦੇ ਦਬਾਅ ਥੱਲੇ ਨਾ ਆਇਆ ਜਾਵੇ । ਕਿਸੇ ਹਕੂਮਤ ਨੂੰ ਕਿਸੇ ਹੱਦ ਤਕ ਵੀ ਸ਼ਖਸੀ ਆਜ਼ਾਦੀ ਵਿਚ ਦਖਲ ਦੇਣ ਦਾ ਹੱਕ ਨਹੀਂ ਹੈ । ਕੋਈ ਮਾਸ ਖਾਵੇ ਜਾਂ ਨਾ ਖਾਵੇ, ਇਹ ਉਸਦੀ ਮਰਜ਼ੀ ਹੈ । ਪਰ ਜੇ ਖਾਵੇ ਤਾਂ ਜ਼ਰੂਰੀ ਨਹੀਂ, ਕਿ ਮੁਸਲਮਾਨੀ ਤਰੀਕੇ ਦਾ ਬਣਿਆ ਖਾਵੇ । ਕੁੱਠੇ ਦੀ ਇਤਿਹਾਸ ਦੀ ਗੱਲ ਇਤਿਹਾਸ ਨਾਲ ਮੁਕ ਗਈ, ਪਰ ਅਸੂਲ ਕਾਇਮ ਹੈ । ਅਸੂਲ ਇਹ ਹੈ ਕਿ ਪੰਜਾਬੀ ਸਭਿਆਚਾਰ ਪ੍ਰਾਧੀਨਤਾ ਪ੍ਰਵਾਨ ਨਹੀਂ ਕਰ ਸਕਦਾ । ਸੰਤ ਸਿਪਾਹੀ ਪ੍ਰਾਧੀਨ ਨਹੀਂ ਹੋ ਸਕਦਾ ।

(3) ਨਸ਼ੇ ਦੀ ਵਰਤੋਂ ਵੀ ਇਕ ਗੁਲਾਮੀ ਹੈ । ਸੰਤ ਸਿਪਾਹੀ ਆਪਣੇ ਮਨ, ਬੁੱਧੀ ਤੇ ਬਿਬੇਕ ਦਾ ਜੋਧਾ ਹੈ । ਨਸ਼ਾ ਮਨ, ਬੁੱਧੀ ਤੇ ਬਿਬੇਕ ਨੂੰ ਭੰਗ ਕਰਦਾ ਹੈ ਅਤੇ ਆਪਣੇ ਆਪ ਤੇ ਜ਼ਬਤ ਨੂੰ ਘਟਾ ਦਿੰਦਾ ਹੈ ਜਾਂ ਬਿਲਕੁਲ ਤੋੜ ਦਿੰਦਾ ਹੈ । ਇਸ ਲਈ ਇਹ ਨਾ ਸੰਤ ਦਾ ਚਿੰਨ੍ਹ ਹੈ ਅਤੇ ਨਾ ਹੀ ਸਿਪਾਹੀ ਦਾ । 'ਨਸ਼ਾ' ਸਹਿਜ ਦੇ ਉਲਟ ਬਨਾਵਟੀ ਉਲਾਰ-ਪਨ ਹੈ । ਆਪਣੇ ਆਪ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਦਾ ਇਕ ਤਰੀਕਾ ਹੈ। 'ਸੰਤ' ਸਿਪਾਹੀ ਦਾ ਹੀ ਚਿੰਨ੍ਹ ਹੈ ।

(4) ਪਰ ਤਨ ਦਾ ਸੰਬੰਧ ਕਿਸੇ ਵੀ ਸਭਿਆਚਾਰ ਵਿਚ ਪ੍ਰਵਾਨ ਨਹੀਂ ਅਤੇ ਘ੍ਰਿਣਾ ਦਾ ਕਾਰਨ ਹੈ । ਅਸਲ ਵਿਚ ਕੋਈ ਵੀ ਪਰਾਈ ਵਸਤੂ ਜਿਸ ਤੇ ਕਿਸੇ ਹੋਰ ਦਾ ਹੱਕ ਹੈ, ਤੁਹਾਡੀ ਨਹੀਂ ਹੋ ਸਕਦੀ ਅਤੇ ਨਾ ਤੁਹਾਡਾ ਕੋਈ ਹੱਕ ਹੈ । ਇਸ ਲਈ ਸੰਤ ਸਿਪਾਹੀ ਆਪਣੀ ਆਜ਼ਾਦੀ ਨੂੰ ਉਥੇ ਖਤਮ ਕਰ ਦਿੰਦਾ ਹੈ, ਜਿਥੇ ਦੂਜੇ ਦੀ ਆਜ਼ਾਦੀ ਜਾਂ ਹੱਕ ਸ਼ੁਰੂ ਹੁੰਦਾ ਹੈ ।

B-1525

Digitized by Panjab Digital Library | www.panjabdigilib.org

# ਸਰਦਾਰ ਬੱਗਾ ਦੀ ਸੇਵਾ



**ਸਰਦਾਰ ਅਵਤਾਰ ਸਿੰਘ ਬੱਗਾ** ਜਨਰਲ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ ਬੈਂਕਿੰਗ ਤੇ ਸੇਵਾ ਦੇ ਖੇਤਰ ਵਿਚ ਇਕ ਜਾਣੀ-ਪਛਾਣੀ ਹਸਤੀ ਹਨ। ਜਨਮ-ਸਿੱਧ ਅਧਿਕਾਰਾਂ ਕਰ ਕੇ ਉਹ ਕੱਟੜ ਸਿੱਖ ਹਨ ਤੇ ਸਿੱਖੀ ਸੇਵਾ ਲਈ ਸਦਾ ਤੱਤਪਰ ਰਹਿੰਦੇ ਹਨ। ਡਾਕਟਰ ਸਰਦਾਰ ਇੰਦਰਜੀਤ ਸਿੰਘ ਜੀ ਦੀ ਸੰਗਤ ਨੇ ਵੀ ਬੱਗਾ ਜੀ ਦੀ ਸੇਵਾ ਭਾਵਨਾ ਨੂੰ ਹੋਰ ਤੀਬਰ ਕੀਤਾ ਹੈ। ਜਨਮ ਅਤੇ ਸੰਗਤ ਕਰ ਕੇ ਪ੍ਰਾਪਤ ਹੋਈ ਸਿੱਖੀ ਕਾਰਨ ਹੀ ਸਰਦਾਰ ਅਵਤਾਰ ਸਿੰਘ ਬੱਗਾ ਸੇਵਾ-ਮਾਨਸ ਜਾਤਿ ਦੀ ਹੋਵੇ, ਕੌਮ ਜਾਂ ਦੇਸ਼ ਦੀ ਹੋਵੇ, ਸੇਵਾ ਕਰਦਿਆਂ ਨਾ ਕਦੀ ਥੱਕੇ ਹਨ ਅਤੇ ਨਾ ਹੀ ਕਦੀ ਉਤਸ਼ਾਹ-ਹੀਣ ਹੋਏ ਹਨ। ਸਿੱਖ ਸਮਾਜ ਤੇ ਪੰਜਾਬ ਐਂਡ ਸਿੰਧ ਬੈਂਕ ਵਿਚ ਲਗਾਤਾਰ ਵੀਹ ਸਾਲ ਵਖੋ ਵਖਰੀਆਂ ਪੱਦਵੀਆਂ ਉਤੇ ਰਹਿ ਕੇ, ਜਿਸ ਸਿਆਣਪ ਅਤੇ ਦਿਆਨਤਦਾਰੀ ਨਾਲ ਆਪ ਜੀ ਨੇ ਕੰਮ-ਕੀਤਾ ਹੈ, ਉਸ ਦਾ ਫੱਲ ਹੀ ਹੈ, ਕਿ ਸਾਰਾ ਸਿੱਖ ਜਗਤ ਜਨਰਲ ਮੈਨੇਜਰ ਸਰਦਾਰ ਅਵਤਾਰ ਸਿੰਘ ਬੱਗਾ ਦੀ ਪਿੱਠ ਪਿਛੇ ਹੈ ਤੇ ਕਮਿਉਨਿਸਟ ਦੋਖੀ ਹਰ ਥਾਂ ਉਹਨਾਂ ਦਾ ਵਿਰੋਧ ਕਰ ਰਹੇ ਹਨ। ਕਮਿਉਨਿਸ਼ਟ ਸਦਾ ਪੰਜਾਬ ਐਂਡ ਸਿੰਧ ਬੈਂਕ ਦੇ ਦੋਖੀ ਰਹੇ ਹਨ। ਸਾਬਕ ਚੇਅਰਮੈਨ ਸਰਦਾਰ ਇੰਦਰਜੀਤ ਸਿੰਘ ਜੀ ਵਿਰੁਧ ਵੀ ਸ਼ੋਰ ਸ਼ਰਾਬਾ ਪਾਉਣ ਵਾਲੇ ਕੇਵਲ ਇਹ ਕਮਿਉਨਿਸਟ ਹੀ ਸਨ ਤੇ ਹੁਣ ਵੀ ਬੱਗਾ ਸਾਹਿਬ ਵਿਰੁਧ ਸ਼ੋਰ ਪਾਉਣ ਵਾਲੇ ਇਹ ਕਮਿਉਨਿਸਟ ਹੀ ਹਨ। ਕਮਿਉਨਿਸਟਾਂ ਦਾ ਵਿਰੋਧ ਬਾਹਰੋਂ ਬਾਹਰੋਂ ਭਾਵੇਂ ਚੇਅਰਮੈਨ ਜਾਂ ਜਨਰਲ ਮੈਨੇਜਰ ਦਾ ਹੈ, ਪਰ ਅੰਦਰੋਂ ਇਹ ਵਿਰੋਧ ਉਸ ਸਿੱਖੀ ਤੇ ਸਿੱਖ ਚਰਿੱਤਰ ਦਾ ਹੈ, ਜਿਸ ਕਰ ਕੇ ਸਾਰਾ 'ਪੰਥ' ਪੰਜਾਬ ਐਂਡ ਸਿੰਧ ਬੈਂਕ ਨਾਲ ਜੁੜਿਆ ਹੋਇਆ ਹੈ।

ਬੈਂਕਿੰਗ ਜਗਤ ਵਿਚ ਇਕ ਜਨਰਲ ਮੈਨੇਜਰ ਦੇ ਤੌਰ ਤੇ ਸਰਦਾਰ ਅਵਤਾਰ ਸਿੰਘ ਬੱਗਾ ਦਾ ਉੱਚਤਮ ਸਥਾਨ ਹੈ। ਪੰਜਾਬ ਐਂਡ ਸਿੰਧ ਬੈਂਕ ਵਿਚ ਵੀ ਸਰਦਾਰ ਬੱਗਾ ਦੀ ਸ਼ਖਸੀਅਤ ਪੂਰੀ ਤਰ੍ਹਾਂ ਹਰਮਨ ਪਿਆਰੀ ਹੈ। ਚੇਅਰਮੈਨ ਸਰਦਾਰ ਮਹਿੰਦਰ ਸਿੰਘ ਜੀ ਦੀ ਅਗਵਾਈ ਵਿਚ ਪੰਜਾਬ ਐਂਡ ਸਿੰਧ ਬੈਂਕ ਨੇ ਕੀਰਤਨ ਦਰਬਾਰਾਂ ਤੇ ਖੇਡਾਂ ਦੀ ਜੋ ਪ੍ਰੰਪਰਾ ਆਰੰਭੀ ਹੈ, ਉਸ ਵਿਚ ਵੀ ਸਰਦਾਰ ਬੱਗਾ ਦਾ ਅਦੁੱਤੀ ਯੋਗਦਾਨ ਹੈ। ਸਾਡੀ ਸ਼ੁੱਭ ਭਾਵਨਾ ਹੈ, ਕਿ ਸਰਦਾਰ ਅਵਤਾਰ ਸਿੰਘ ਬੱਗਾ ਨੂੰ ਸਿਹਤ ਅਤੇ ਸਮਰੱਥਾ ਪ੍ਰਾਪਤ ਹੋਵੇ, ਤਾਂਕਿ ਉਹ **'ਪੰਜਾਬ ਐਂਡ ਸਿੰਧ ਬੈਂਕ' ਦੇ ਭਵਿੱਖ** ਨੂੰ ਹੋਰ ਉਜਲਾ ਸਿਰਜ ਸੱਕਣ।

Digitized by Panjab Digital Library | www.panjabdigilib.org



# ਪੀ. ਐਸ. ਬੀ. ਵਿਚ ਤੁਹਾਡੀ ਬੱਚਤ ਇਸ ਤਰਾਂ ਵਧਦੀ ਹੈ

ਪੀ. ਐਸ. ਬੀ. ਵਿਚ ਆਪਣੀ ਬੱਚਤ ਨੂੰ ਦਿਨ ਰਾਤ ਵਧਦਿਆਂ ਦੇਖਣ ਵਿਚ ਇਕ ਅਨੋਖਾ ਆਨੰਦ ਮਹਿਸੂਸ ਹੁੰਦਾ ਹੈ। ਇਸ ਦੀਆਂ ਬਚੱਤ ਖਾਤਾ, ਰਿਕਰਿੰਗ ਡਿਪਾਜ਼ਿਟ ਤੇ ਦੂਸਰੀਆਂ ਬਚੱਤ ਸਕੀਮਾ ਤੁਹਾਡੀ ਜਮ੍ਹਾਂ ਪੂੰਜੀ ਨੂੰ ਕਈ ਗੁਣਾ ਵਧਾਉਣ ਵਿਚ ਮਦੱਦ ਕਰਦੀਆਂ ਹਨ। ਪੀ. ਐਸ. ਬੀ ਵਿਚ ਤੁਹਾਡੀ ਜਮ੍ਹਾ ਪੂੰਜੀ ਦਾ ਵਾਧਾ ਤੁਹਾਡੀ ਖੁਸ਼ਹਾਲੀ ਦਾ ਪ੍ਰਤੀਕ ਹੈ।

**ਪੀ. ਐਸ. ਬੀ.... ਜਿੱਥੇ ਉੱਤਮ ਸੇਵਾ ਇਕ ਰਵਾਇਤ ਹੈ।**

ASP/PSB/202-82 Pun

**ਪੰਜਾਬ ਐਂਡ ਸਿੰਧ ਬੈਂਕ**
(ਭਾਰਤ ਸਰਕਾਰ ਦਾ ਇਕ ਅਦਾਰਾ)

Sunder Printers Pahar ganj New Delhi-55. Phone : 520939

Digitized by Panjab Digital Library | www.panjabdigilib.org